ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਅਜੀਤਗੜ੍ਹ
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212310

ਨ. ਰਿ. ਐਸ. ਪੀ.ਡੀ/ਰਮਸਅ/2013/004726-4728 ਮਿਤੀ 19/08/2013

ਵੱਲ

ਸਮੂਹ ਡੀ.ਡੀ.ਓ.ਸ,
ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ,ਸੈ.ਸਿੱ),
ਸਮੂਹ ਸਕੂਲ ਮੁੱਖੀ

ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਸਕੂਲਾਂ ਦੇ ਮੁੱਖੀਆਂ ਨੂੰ ਜ਼ਿਲ੍ਹਾ ਪੱਧਰ ਉਤੇ ਸੇਵਾ ਅਤੇ ਵਿੱਤੀ ਮਾਮਲਿਆਂ ਸੰਬੰਧਿਤ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਟ੍ਰੇਨਿੰਗ ਦੌਰਾਨ ਸਕੂਲ ਮੁੱਖੀਆਂ ਵੱਲੋਂ ਸੇਵਾ ਅਤੇ ਵਿੱਤੀ ਮਾਮਲਿਆਂ ਸੰਬੰਧੀ ਪੁੱਛੇ ਗਏ ਸਵਾਲਾਂ ਦੇ ਉੱਤਰ ਨਾਲ ਨੱਥੀ ਫਾਇਲ ਵਿੱਚ ਦਿੱਤੇ ਜਾ ਰਹੇ ਹਨ ਤਾਂ ਜੋ ਸਕੂਲ ਮੁੱਖੀਆਂ ਨੂੰ ਸੇਵਾ ਅਤੇ ਵਿੱਤੀ ਮਾਮਲਿਆਂ ਵਿੱਚ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਨੱਥੀ ਫਾਇਲ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ । ਜੇਕਰ ਇਹਨਾਂ ਸਵਾਲਾਂ ਤੋਂ ਇਲਾਵਾ ਕੋਈ ਹੋਰ ਸਵਾਲ ਵੀ ਆਪ ਜੀ ਨੂੰ ਸਪਸ਼ਟ ਨਹੀਂ ਹੈ, ਉਹ rmsa.servicerules@gmail.com ਈ-ਮੇਲ ਐਡਰੈਸ ਤੇ ਭੇਜਿਆ ਜਾਵੇ । Overlapping ਤੋਂ ਬਚਣ ਲਈ ਨੱਥੀ ਫਾਇਲ ਵਿੱਚ ਦਿੱਤੇ ਪ੍ਰਸ਼ਨ-ਉੱਤਰ ਚੰਗੀ ਤਰ੍ਹਾਂ ਪੜ੍ਹ ਲਏ ਜਾਣ। ਉਪਰੋਕਤ ਸੰਬੰਧੀ ਪ੍ਰਸ਼ਨ ਸਿਰਫ ਸਕੂਲ ਦੇ ਈ-ਮੇਲ ਐਡਰੈਸ ਤੋਂ ਹੀ ਭੇਜੇ ਜਾਣ।

ਪ੍ਰਿੰਸੀਪਲ ਸੈਕਟਰੀ-ਕੱਮ-ਡਾਇਟੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

<table>
<tr><td>ਪ੍ਰਸ਼ਨ ਨੰਬਰ</td><td>ਪ੍ਰਸ਼ਨ<br>ਜਰਨਲ</td><td>ਉਤਰ</td></tr>
<tr><td>1.1</td><td>ਅਪੰਗ ਵਿਅਕਤੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਤਰੱਕੀਆਂ ਕਰਨ ਸਮੇਂ ਰਾਖਵਾਂਕਰਨ ਦੇਣ ਬਾਰੇ ?</td><td>ਪੰਜਾਬ ਸਰਕਾਰ,ਸਮਾਜਿਕ ਸੁਰਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰਬਰ 7/29/2010-7ਸਸ/1170 ਮਿਤੀ 14.12.2011 ਰਾਹੀਂ ਇਸ ਸਬੰਧੀ ਗਾਈਡ ਲਾਈਨਾਂ ਜਾਰੀ ਕੀਤੀਆਂ ਹੋਈਆਂ ਹਨ।ਗਰੁੱਪ ਸੀ ਅਤੇ ਡੀ ਸੇਵਾਵਾਂ ਵਿਚ ਰੋਸਟਰ ਦਾ ਨੁਕਤਾ ਨੰਬਰ 10,40 ਅਤੇ 70, ਗਰੁੱਪ ਏ ਅਤੇ ਬੀ ਸੇਵਾਵਾਂ ਵਿਚ ਰੋਸਟਰ ਨੁਕਤਾ 11,40 ਅਤੇ 71 ਅਪੰਗ ਕਰਮਚਾਰੀਆਂ ਦੀ ਪੱਦ ਉਨਤੀ ਲਈ ਰਖਿਆ ਹੋਇਆ ਹੈ ।</td></tr>
<tr><td></td><td></td><td></td></tr>
<tr><td>1.2</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਨਵੀਂ ਦਰਜਾ ਬੰਦੀ ਕੀ ਹੈ ?</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰਬਰ 4/46/09-1 ਪੀ.ਪੀ.1/ 10828 ਮਿਤੀ 13.10.2009 ਰਾਹੀਂ ਪੰਜਾਬ ;ਸਰਕਾਰ ਦੇ ਕਰਮਚਾਰੀਆਂ ਦੀ ਹੇਠ ਲਿਖੇ ਅਨੁਸਾਰ ਦਰਜਾ ਬੰਦੀ ਕੀਤੀ ਗਈ ਹੈ ।ਇਹ ਦਰਜਾ ਬੰਦੀ ਟੀ.ਏ.ਐਲ.ਟੀ.ਸੀ. ਤੇ ਲਾਗੂ ਨਹੀਂ ।
<table>
<tr><td>ਗਰੁੱਪ ਏ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 5000/- ਜਾਂ ਇਸ ਤੋਂ ਵੱਧ ਹੈ ।</td></tr>
<tr><td>ਗਰੁੱਪ ਬੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 3800 ਤੋਂ 4999 ਹੈ</td></tr>
<tr><td>ਗਰੁੱਪ ਸੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇ 1900 ਤੋਂ 3799 ਹੈ ।</td></tr>
<tr><td>ਗਰੁੱਪ ਡੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 1900 ਤੋਂ ਘੱਟ ਹੈ</td></tr>
</table></td></tr>
<tr><td>1.3</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਵਲੋਂ ਚੱਲ ਜਾਂ ਅੱਚਲ ਜਾਇਦਾਦ ਖਰੀਦਣ / ਵੇਚਣ ਸਮੇਂ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਸਬੰਧੀ ਜਾਣਕਾਰੀ ਦੇਵੋ ।</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਦੀ ਨੋਟੀਫੀਕੇਸ਼ਨ ਨੰਬਰ G.S.R.61/Cont./Art. 187,309 and 318/Amd(10)2011 dated 9.09.2011 ਅਨੁਸਾਰ ਕਰਮਚਾਰੀ ਕੰਡਕਟ ਰੂਲਜ 1966 ਦੇ ਰੂਲ 18 (2) ਅ੍ਤੇ (3) ਨੂੰ ਖਤਮ ਕਰਕੇ ਰੂਲ 18(2) ਬਣਾਇਆ ਗਿਆ ਹੈ ਜਿਸ ਅਨੁਸਾਰ ਕੋਈ ਵੀ ਸਰਕਾਰੀ ਕਰਮਚਾਰੀ ਜੇਕਰ ਆਪਣੀ ਇੱਕ ਮਹੀਨੇ ਦੀ ਕੁਲ ਤਨਖਾਹ ਤੋਂ ਵੱਧ ਰਕਮ ਦੀ ਚੱਲ / ਅੱਚਲ ਜਾਇਦਾਦ ਦਾ ਲੈਣ ਦੇਣ ਕਰਦਾ ਹੈ ਤਾਂ ਉਸ ਨੂੰ ਇਸ ਸਬੰਧੀ ਅਧਿਕਾਰੀਆਂ ਨੂੰ ਸੂਚਿਤ ਕਰਨਾ ਹੋਵੇਗਾ। ਜਾਇਦਾਦ ਖਰੀਦ / ਵੇਚ ਲਈ ਹੁਣ ਮੰਜੂਰੀ ਲੈਣ ਦੀ ਜ਼ਰੂਰਤ ਨਹੀਂ ।</td></tr>
<tr><td>1.4</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਵਿਰੁੱਧ ਚਲ ਰਹੇ ਇਨਕੁਆਰੀ ਕੇਸਾਂ ਵਿਚ ਇਨਕੁਆਰੀ ਅਫਸਰ ਅਤੇ ਪੇਸ ਕਰਤਾ ਕਰਮਚਾਰੀਆਂ ਨੂੰ ਮਿਲਣ ਵਾਲੇ ਮਾਨਭੱਤੇ ਬਾਰੇ ਜਾਣਕਾਰੀ ਦਿਓ ।</td><td>ਪੰਜਾਬ ਸਰਕਾਰ, ਦੇ ਪੱਤਰ ਨੰਬਰ 3/54/91-2 ਪੀ.ਪੀ.2/8268 ਮਿਤੀ 24.6.2009 ਅਨੁਸਾਰ ਇਨਕੁਆਰੀ ਅਫਸਰ ਨੂੰ ਮਾਨ ਭੇਟਾ 2500.00 ਰੁਪਏ ਤੋਂ ਵਧਾ ਕੇ 6000 ਕਰ ਦਿੱਤਾ ਗਿਆ ਹੈ ।<br>ਪ੍ਰੈਜੈਟਿੰਗ ਅਫਸਰ ਨੂੰ ਇਹ ਭੱਤਾ ਪੱਤਰ ਨੰਬਰ 12/45/2011-12/2ਪੀ.ਪੀ.2/426 ਮਿਤੀ 4.4.12 ਰਾਹੀਂ 300/- ਰੁਪਏ ਤੋਂ ਵੱਧਾ ਕੇ 3600 ਰਪਏ ਕਰ ਦਿੱਤਾ ਗਿਆ ਹੈ ।</td></tr>
<tr><td>1.5</td><td>ਪੰਜਾਬ ਸਰਕਾਰ ਵਲੋਂ ਕਰਮਚਾਰੀਆਂ ਦੀ ਰਿਟਾਇਰਮੈਂਟ ਵਿਚ ਇੱਕ ਸਾਲ ਦਾ ਵਾਧਾ ਦਿੱਤਾ ਹੈ ਕੀ ਵਾਧੇ ਦੌਰਾਨ ਜੀ.ਆਈ.ਐਸ. ਦੀ ਕਟੌਤੀ ਕੀਤੀ ਜਾਣੀ ਹੈ ।</td><td>ਪੰਜਾਬ ਸਰਕਾਰ ਦੇ ਪੱਤਰ ਨੰਬਰ 22/2/2012-3 ਐਫ.ਪੀ.2/ 43 ਮਿਤੀ 22.1.2013 ਰਾਹੀਂ ਜਾਰੀ ਸਪੱਸਟੀਕਰਨਾ ਵਿਚ ਇਹ ਸਪੱਸ਼ਟੀਕਰਨ ਵੀ ਦਿੱਤਾ ਗਿਆ ਹੈ ਕਿ ਵਧੇ ਹੋਏ ਸਾਲ ਦੌਰਾਨ ਜੀ.ਆਈ.ਐਸ. ਦੀ ਕਟੌਤੀ ਕੀਤੀ ਜਾਵੇਗੀ ਅਤੇ ਵਾਧੇ ਦੌਰਾਨ ਮੌਤ ਹੋਣ ਤੇ ਮੌਤ ਉਪਰੰਤ ਮਿਲਣ ਵਾਲੇ ਲਾਭ ਦਿੱਤੇ ਜਾਣਗੇ ।</td></tr>
<tr><td>1.6</td><td>ਦਰਜਾ ਚਾਰ ਤੋਂ ਕਲਰਕ ਦੀ ਅਸਾਮੀ ਤੇ ਪੱਦ ਉਨਤੀ ਲਈ ਵਿਦਿਅਕ ਯੋਗਤਾਵਾਂ ਸਬੰਧੀ ਜਾਣਕਾਰੀ ਦਿਓ</td><td>ਪੰਜਾਬ ਸਰਕਾਰ ਦੇ ਪੱਤਰ ਨੰਬਰ 9/11/09-4 ਪੀ.ਪੀ.1/985 ਮਿਤੀ 25.8.2009 ਅਨੁਸਾਰ ਦਰਜਾ ਚਾਰ ਤੋਂ ਕਲਰਕ ਦੀ ਅਸਾਮੀ ਤੇ ਪਦ ਉਨਤੀ ਲਈ ਦਸਵੀ ਪੰਜਾਬੀ ਸਮੇਤ ਪਾਸ ਹੋਵੇ ਅਤੇ 5 ਸਾਲ ਦੀ ਸੇਵਾ ਹੋ ਚੁੱਕੀ ਹੋਵੇ ਅਤੇ ਪੰਜਾਬੀ ਟਾਈਪ ਟੈਸਟ ਪਾਸ ਹੋਣਾ ਚਾਹੀਦਾ ਹੈ।</td></tr>
<tr><td>1.7</td><td>ਤਰਸ ਦੇ ਅਧਾਰ ਤੇ ਨਿਯੁਕਤੀ ਦੇਣ ਲਈ ਵਿੱਤੀ ਹਾਲਤ ਜਾਨਣ ਲਈ ਕਰਮਚਾਰੀ</td><td>ਪੰਜਾਬ ਸਰਕਾਰ ਦੇ ਪੱਤਰ ਨੰਬਰ 11/39/05-4 ਪੀ.ਪੀ.11/9799 ਮਿਤੀ 18.7.2005 ਰਾਹੀਂ ਜਾਰੀ ਹਦਾਇਤਾਂ</td></tr>
</table>

| | | |
|---|---|---|
| | ਦੀ ਮੌਤ ਉਪਰੰਤ ਪ੍ਰੀਵਾਰ ਨੂੰ ਮਿਲਣ ਯੋਗ ਲਾਭ ਗਿਣੇ ਜਾਣਗੇ ਜਾਂ ਨਹੀਂ । ਜੇਕਰ ਮਿਤ੍ਰਕ ਕਰਮਚਾਰੀ ਦੇ ਪ੍ਰੀਵਾਰ ਵਿਚ ਕੋਈ ਹੋਰ ਮੈਂਬਰ ਨੌਕਰੀ ਕਰ ਰਿਹਾ ਹੋਵੇ ਤਾਂ ਉਸ ਕੇਸ ਵਿਚ ਤਰਸ ਦੇ ਅਧਾਰ ਤੇ ਨੌਕਰੀ ਲਈ ਕੇਸ ਵਿਚਾਰਿਆ ਜਾਣਾ ਹੈ ਜਾਂ ਨਹੀਂ । | ਅਨੁਸਾਰ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਮਿਲਣ ਵਾਲੇ ਲਾਭ ਜਿਵੇ ਗਰੇਚੁਟੀ, ਛੁਟੀ ਦੀ ਤਨਖਾਹ ਜੀ.ਪੀ.ਫੰਡ ਆਦਿ ਵਿਤੀ ਹਾਲਤ ਵੇਖਣ ਲਈ ਨਹੀਂ ਗਿਣੇ ਜਾਣੇ। ਜੇਕਰ ਮਿਰਤਕ ਕਰਮਚਾਰੀ ਦੇ ਪ੍ਰੀਵਾਰ ਵਿਚ ਕੋਈ ਹੋਰ ਮੈਂਬਰ ਕਮਾਈ ਕਰ ਰਿਹਾ ਹੈ ਤਾਂ ਤਰਸ ਦੇ ਅਧਾਰ ਤੇ ਨਿਯੁਕਤੀ ਦਾ ਕੇਸ ਵਿਭਾਗ ਦੇ ਸਕੱਤਰ ਪੱਧਰ ਤੇ ਵਿਚਾਰਿਆ ਜਾਣਾ ਹੈ । |
| 1.8 | ਕੀ ਤਰਸ ਦੇ ਅਧਾਰ ਤੇ ਨੌਕਰੀ ਲਈ ਤਲਾਕ ਸੁਦਾ ਨਿਰਭਰ ਲੜਕੀ ਦਾ ਕੇਸ ਵਿਚਾਰਿਆ ਜਾ ਸਕਦਾ ਹੈ ? | ਪੰਜਾਬ ਸਰਕਾਰ ਦੇ ਪੱਤਰ ਨੰਬਰ 11/99/2002-4 ਪੀ.ਪੀ.11/ 108 ਮਿਤੀ 27.8.2011 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਨੂੰਨੀ ਤਲਾਕ ਸੁਦਾ ਲੜਕੀ ਦਾ ਕੇਸ ਤਰਸ ਦੇ ਅਧਾਰ ਤੇ ਨੌਕਰੀ ਲਈ ਵਿਚਾਰਿਆ ਜਾ ਸਕਦਾ ਹੈ। |
| 1.9 | ਪ੍ਰਾਪਰਟੀ ਰਿਟਰਨ ਸਬੰਧੀ ਹਦਾਇਤਾਂ ਦਸੀਆਂ ਜਾਣ । | ਅਚਲ ਜਾਇਦਾਦ ਦੀ ਪ੍ਰਾਪਰਟੀ ਰਿਟਰਨ ਹਰ ਸਾਲ ਦੀ ਸਾਲਾਨਾ ਗੁਪਤ ਰਿਪੋਰਟ ਨਾਲ ਲਾਈ ਜਾਵੇਗੀ ਨਹੀਂ ਤਾਂ ਗੁਪਤ ਰਿਪੋਰਟ ਅਧੂਰੀ ਮੰਨੀ ਜਾਵੇਗੀ। ਉਲੰਘਣਾ ਦੇ ਕੇਸ ਵਿਚ ਵਿਭਾਗੀ ਕਾਰਵਾਈ ਵੀ ਕੀਤੀ ਜਾਵੇਗੀ ਪੱਤਰ ਨੰਬਰ 4/3/2012-2 ਪੀ.ਪੀ.2/559 ਮਿਤੀ 17.5.2012 |
| 1.10 | ਕਰਮਚਾਰੀ ਦੀ ਬਦਲੀ ਹੋਣ ਉਪਰੰਤ ਪਿਛਲੇ ਸਕੂਲ ਦਾ ਏਰੀਅਰ ਕਿਹੜੇ ਸਕੂਲ ਵਲੋਂ ਡਰਾਅ ਕੀਤਾ ਜਾਣਾ ਹੈ ? | ਪੰਜਾਬ ਖਜਾਨਾ ਨਿਯਮਾਵਲੀ ਦੇ ਰੂਲ 153 ਦੇ ਨੋਟ ਅਨੁਸਾਰ ਜਦੋਂ ਕਿਸੇ ਕਰਮਚਾਰੀ ਦੀ ਬਦਲੀ ਪੰਜਾਬ ਦੇ ਕਿਸੇ ਹੋਰ ਦਫਤਰ ਵਿਚ ਹੋਣ ਉਪਰੰਤ ਪਿਛਲਾ ਏਰੀਅਰ ਡਰਾਅ ਕਰਨਾ ਪਵੇ ਤਾਂ ਪੁਰਾਨੇ ਦਫਤਰ ਵਿਚੋਂ ਡਰਾਅਨ ਸਟੇਟਮੈਂਟ ਮੰਗਵਾ ਕੇ ਉਸ ਦਫਤਰ ਵਲੋਂ ਏਰੀਅਰ ਡਰਾਅ ਕੀਤਾ ਜਾਵੇਗਾ ਜਿਥੇ ਉਹ ਕੰਮ ਕਰ ਰਿਹਾ ਹੁੰਦਾ ਹੈ। |
| 1.11 | ਮਜਬੂਰਨ ਉਡੀਕ ਦੇ ਸਮੇ ਨੂੰ ਡਿਊਟੀ ਮੰਨੇ ਜਾਣ ਸਬੰਧੀ ਸਰਕਾਰ ਦੀ ਪਾਲਸੀ ਬਾਰੇ ਜਾਣਕਾਰੀ ਦਿਓ | ਪੰਜਾਬ ਸਰਕਾਰ ਦੇ ਪੱਤਰ ਨੰਬਰ 9/22/2011-2 ਐਫ.ਪੀ.2/644 ਮਿਤੀ 31.10.2011 ਰਾਹੀਂ 2.16 (ਬੀ.) ਸੀ.ਐਸ.ਆਰ.ਵਾਲੀਅਮ-1 ਪਾਰਟ-1 ਅਧੀਨ ਮਜਬੂਰਨ ਉਡੀਕ ਦੇ ਸਮੇ ਨੂੰ ਰੈਗੂਲਰਾਈਜ ਕਰਨ ਲਈ 30 ਦਿਨ ਤੱਕ ਦਾ ਅਧਿਕਾਰ ਪ੍ਰਬੰਧਕੀ ਸਕੱਤਰ ਨੂੰ ਦਿੱਤਾ ਹੈ ਅਤੇ ਜੇਕਰ ਸਮਾਂ 30 ਦਿਨ ਤੋਂ ਵੱਧ ਹੋਵੇ ਤਾਂ ਸਪੱਸ਼ਟ ਕਾਰਨ ਦਸਦੇ ਹੋਏ ਕੇਸ ਵਿੱਤ ਵਿਭਾਗ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾਣਾ ਹੈ । |
| | **ਮੈਡੀਕਲ ਪ੍ਰਤੀ ਪੂਰਤੀ** | |
| 2.1 | ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਲਈ ਪ੍ਰੀਵਾਰ ਦੇ ਨਿਰਭਰ ਮੈਂਬਰ ਤੋਂ ਕੀ ਭਾਵ ਹੈ । | ਪਰੀਵਾਰ ਦਾ ਮੈਬਰ ਜੇਕਰ ਉਹ ਇਨਕਮਟੈਕਸ ਪੇਈ ਨਹੀਂ ਹੈ ਅਤੇ ਨਾ ਹੀ ਪੈਨਸ਼ਨਰ ਹੈ ਤਾਂ ਉਹ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਲਈ ਨਿਰਭਰ ਮੰਨਿਆ ਜਾਵੇ ਜੇਕਰ ਉਸ ਨੂੰ ਹੋਰ ਕੋਈ ਪ੍ਰਤੀ ਪੂਰਤੀ ਨਹੀ ਮਿਲਦੀ ਸਿਹਤ ਤੇ ਪ੍ਰੀਵਾਰ ਭਲਾਈ ਪੰਜਾਬ,ਚੰਡੀਗੜ ਦਾ 12/2/11-5 ਸਿ5/721 ਮਿਤੀ 30.3.2012, ਪਰੰਤੂ ਜੇਕਰ ਕਿਸੇ ਕਰਮਚਾਰੀ ਜਾਂ ਉਸ ਦੇ ਨਿਰਭਰ ਨੇ ਮੈਡੀਕਲ ਇੰਸੋਰੈਂਸ ਕਰਵਾਈ ਹੈ ਤਾਂ ਉਹ ਆਪਣੇ ਇਲਾਜ਼ ਤੇ ਇੰਸੋਰੈਂਸ਼ ਕੰਪਨੀ ਦੁਆਰਾ ਰਿਫੰਡ ਨਾ ਕੀਤੀ ਗਈ ਰਕਮ ਸਰਕਾਰੀ ਨਿਯਮਾਂ ਅਨੁਸਾਰ ਵੱਧ ਤੋਂ ਵੱਧ ਬਣਦੀ ਰਕਮ ਤੋਂ ਨਾ ਵਧਦੀ ਰਕਮ, ਪੰਜਾਬ ਸਰਕਾਰ ਤੋਂ ਵੀ ਲੈ ਸਕਦਾ ਹੈ। **No. 12/3/2013-5H5/843, Dated 23rd May, 2013** |
| 2.2 | ਹਸਪਤਾਲ ਵਿਚ ਦਾਖਲ ਹੋਣ ਤੋਂ ਪਹਿਲਾਂ ਜਾਂ ਬਾਅਦ ਵਿਚ ਕੀਤੇ ਖਰਚੇ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ ਦਾ ਵੇਰਵਾ ਕੀ ਹੈ । | ਹਸਪਤਾਲ ਵਿਚ ਦਾਖਲ ਹੋਣ ਤੋਂ 7 ਦਿਨ ਪਹਿਲਾਂ ਕਰਾਏ ਗਏ ਟੈਸਟਾਂ/ਇਨਵੈਸਟੀਗੇਸ਼ਨ ਅਤੇ ਹਸਪਤਾਲ ਵਿਚੋਂ ਡਿਸਚਾਰਜ ਹੋਣ ਤੋਂ 1 ਮਹੀਨੇ ਬਾਅਦ ਤੱਕ ਉਸੇ ਬਿਮਾਰੀ ਨਾਲ ਸਬੰਧਤ ਆਊਟਡੋਰ ਇਲਾਜ ਨੂੰ ਇਨਡੋਰ ਇਲਾਜ ਹੀ ਸਮਝਿਆ ਜਾਵੇਗਾ ਅਤੇ ਖਰਚੇ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ । ਪੱਤਰ ਨੰਬਰ 12/6/2011-5ਸਿ5/1212 ਮਿਤੀ 29.4.2011 |
| 2.3 | ਪ੍ਰੀਵਾਰ ਨਿਯੋਜਨ ਦੇ ਕੇਸ ਵਿਚ ਮਿਲਣ ਵਾਲੇ ਲਾਭਾਂ ਦਾ ਵੇਰਵਾ ਦਸਿਆ ਜਾਵੇ । | ਮਿਤੀ 1.5.2010 ਤੋਂ ਘੱਟੋ ਘੱਟ ਪ੍ਰੀਵਾਰ ਨਿਯੋਜਨ ਭੱਤਾ 210.00 ਰੁਪਏ, ਗਰੁਪ ਸੀ ਅਤੇ ਡੀ ਨੂੰ ਪ੍ਰੀਵਾਰ ਨਿਯੋਜਨ ਭੱਤਾ ਇੱਕ ਸਾਲਾਨਾ ਤਰੱਕੀ ਦੇ ਬਰਾਬਰ, ਸਿਰਫ ਦੋ ਲੜਕੀਆਂ ਹੋਣ ਤੇ ਪ੍ਰੀਵਾਰ ਨਿਯੋਜਨ ਅਪ੍ਰੇਸ਼ਨ ਕਰਵਾਣ ਤੇ 2 ਸਾਲਾਨਾ ਤਰੱਕੀਆਂ ਪੱਤਰ ਨੰਬਰ 3/3/2010-5ਐਫ.ਪੀ./215 ਮਿਤੀ 21.5.2010 |
| 2.4 | ਹਲਕੇ ਹੋਏ ਜਾਨਵਰ ਦੇ ਕੱਟੇ ਜਾਣ ਤੇ ਸਰਕਾਰੀ ਕਰਮਚਾਰੀ ਜਾਂ ਰਿਟਾਇਰੀ ਨੂੰ ਜਾਂ ਉਸ ਦੇ ਆਸਰਿਤ ਪ੍ਰੀਵਾਰ ਨੂੰ ਇਲਾਜ ਕਰਵਾਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ, ਸਿਹਤ ਅਤੇ ਪ੍ਰੀਵਾਰ ਭਲਾਈ ਦੇ ਪੱਤਰ ਨੰਬਰ 12/25/2010-5ਸਿ5/1740 ਮਿਤੀ 24.08.2010 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੁੱਤੇ, ਸੱਪ, ਨਿਊਲੇ ਅਤੇ ਹੋਰ ਜਾਨਵਰ ਦੇ ਕਟੇ ਜਾਣ ਤੇ ਕੋਈ ਮੁਲਾਜਮ ਐਂਟੀ ਰੇਬਿਜ ਦਾ ਟਰੀਟਮੈਂਟ ਓ.ਪੀ.ਡੀ. ਵਿਚ ਲੈਣ ਤੇ ਵੀ ਉਸ ਦੇ ਖਰਚੇ ਦੀ ਪ੍ਰਤੀ ਪੂਰਤੀ ਹੋਵੇਗੀ । |

| | | |
|---|---|---|
| 2.5 | ਕਰੋਨਿਕ ਬਿਮਾਰੀ ਹੋਣ ਤੇ ਮੈਡੀਕਲ ਰੀਮਬਰਸਮੈਂਟ ਦੇ ਨਿਯਮ ਕੀ ਹਨ ? | ਜੇਕਰ ਕਿਸੇ ਕਰਮਚਾਰੀ ਜਾਂ ਉਸ ਦੇ ਨਿਰਭਰ ਮੈਂਬਰ ਨੂੰ ਕੋਈ ਕਰੋਨਿਕ ਬਿਮਾਰੀ ਹੋ ਜਾਂਦੀ ਹੈ ਅਤੇ ਇਸ ਸਬੰਧੀ ਸਰਟੀਫੀਕੇਟ ਪੀ.ਜੀ.ਆਈ, ਮੈਡੀਕਲ ਕਾਲਜ ਤੇ ਹਸਪਤਾਲ ਸੇਕਟਰ 32, ਏਮਜ ਅਤੇ ਪੰਜਾਬ ਵਿਚ ਤਿੰਨ ਮੈਡੀਕਲ ਕਾਲਜਾਂ ਦੇ ਹਸਪਤਾਲ ਵਲੋ ਕਿਸੇ ਇੱਕ ਵਲੋ ਕਰੋਨਿਕ ਬਿਮਾਰੀ ਦਾ ਸਰਟੀਫੀਕੇਟ ਜਾਰੀ ਹੁੰਦਾ ਹੈ ਤਾਂ ਜਿਲਾ ਪੱਧਰ ਦੇ ਸਰਕਾਰੀ ਹਸਪਤਾਲ, ਡੀ.ਐਮ.ਸੀ./ਸੀ.ਐਮ.ਸੀ ਵਿਚ ਆਉਟ ਡੋਰ ਇਲਾਜ ਕਰਵਾਣ ਤੇ ਵੀ ਖਰਚੇ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ ।ਸਿਹਤ ਅਤੇ ਪ੍ਰੀਵਾਰ ਭਲਾਈ ਦੀ ਹਦਾਇਤਾਂ ਨੰਬਰ 12/10/10-ਸਿ5/1165 ਮਿਤੀ 14.6.10 (ਇਹ ਸਰਟੀਫਿਕੇਟ ਪੰਜ ਸਾਲ ਤੱਕ ਲਾਗੂ ਰਹੇਗਾ) |
| | **ਏ.ਸੀ.ਪੀ ਕੇਸਿਜ਼** | |
| 3.1 | ਏ.ਸੀ.ਪੀ. ਕੇਸਿਜ਼ ਵਿਚ ਪਿਛਲੇ ਕਿਨੇ ਸਮੇਂ ਦਾ ਰਿਕਾਰਡ ਵੇਖਿਆ ਜਾਣਾ ਹੈ । | ਉਚੇਰੇ ਸਕੇਲਾਂ ਵਿਚ ਪਲੇਸਮੈਂਟ, ਪ੍ਰਵੀਨਤਾ ਤਰੱਕੀ ਅਤੇ ਤਰੱਕੀ ਦੇ ਕੇਸਾਂ ਵਿਚ ਪਿਛਲੇ 5 ਸਾਲ ਦੀਆਂ ਗੁਪਤ ਰਿਪੋਰਟਾਂ ਹੀ ਵੇਖੀਆਂ ਜਾਣੀਆਂ ਹਨ । ਪੱਤਰ ਨੰਬਰ 7/45/95-5 ਪੀ.ਪੀ.1/15394 ਮਿਤੀ 21.7.1997, |
| 3.2 | ਏ.ਸੀ.ਪੀ. ਕੇਸਾਂ ਵਿਚ ਗੁਪਤ ਰਿਪੋਰਟਾਂ ਸਬੰਧੀ ਹਦਾਇਤਾ ਦਸੀਆਂ ਜਾਣ । | ਏ.ਸੀ.ਪੀ. ਦੇ ਕੇਸਾਂ ਦਾ ਫੈਸਲਾ ਕਰਨ ਲਈ ਕੁਲ ਗੁਪਤ ਰਿਪੋਰਟਾਂ ਵਿਚੋਂ 50 % ਵਧੀਆ ਅਤੇ ਪਿਛਲੀਆਂ ਤਿੰਨ ਵਿਚੋ ਦੋ ਵਧੀਆ ਹੋਣ ਤੇ ਬਾਕੀ ਰਿਪੋਰਟ ਐਵਰੇਜ਼ ਹੋਣ ਤਾਂ ਹੀ ਏ.ਸੀ.ਪੀ ਦਾ ਲਾਭ ਦਿੱਤਾ ਜਾ ਸਕਦਾ ਹੈ । 7/1/99/-5 ਪੀ.ਪੀ.1/395 ਮਿਤੀ 10.1.2000 |
| 3.3 | ਕੀ ਦਰਜਾ ਤਿੰਨ ਅਤੇ ਚਾਰ ਕਰਮਚਾਰੀਆਂ ਦੇ ਏ.ਸੀ.ਪੀ. ਦੇ ਕੇਸਾਂ ਵਿਚ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 10.1.2000 ਲਾਗੂ ਹਨ । | ਜੀ ਹਾਂ ਦਰਜਾ ਤਿੰਨ ਜਾਂ ਚਾਰ ਕਰਮਚਾਰੀਆਂ ਦੇ ਕੇਸਾਂ ਵਿਚ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 10.1.2000 ਲਾਗੂ ਸਨ ਪ੍ਰੰਤੂ ਮਿਤੀ 15.12.2006 ਨੂੰ ਹੋਈ ਸੋਧ ਅਨੁਸਾਰ ਗਰੁਪ ਸੀ ਅਤੇ ਡੀ ਲਈ ਪ੍ਰਵੀਨਤਾ ਤਰੱਕੀ ਦੇਣ ਲਈ ਉਪਰੋਕਤ ਹਦਾਇਤਾਂ ਲਾਗੂ ਨਹੀਂ ਹਨ। ਉਨਾਂ ਲਈ ਪ੍ਰਵੀਨਤਾ ਤਰੱਕੀ ਦੇਣ ਲਈ ਉਹੀ ਵਿਧੀ ਅਪਣਾਈ ਜਾਵੇ ਜਿਹੜੀ ਉਨਾਂ ਦੀ ਤਰੱਕੀ ਲਈ ਆਪਣਾਈ ਜਾਂਦੀ ਹੈ। ਇਹ ਹਦਾਇਤਾਂ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਸਮਝੀਆਂ ਜਾਣਗੀਆਂ ।ਪੱਤਰ ਨੰਬਰ 7/1/99-5 ਪੀ.ਪੀ-1/8265 ਮਿਤੀ 15.12.2006 |
| 3.4 | ਅਸਧਾਰਣ ਛੁਟੀ / ਮੁਅਤਲੀ ਸਮਾਂ ਪ੍ਰਵੀਨਤਾ ਤਰੱਕੀ ਲਈ ਗਿਣਿਆ ਜਾਵੇਗਾ ਜਾਂ ਨਹੀਂ । | ਅਸਧਾਰਨ ਛੁੱਟੀ / ਮੁਅਤਲੀ ਦਾ ਸਮਾਂ ਜਿਹੜਾ ਸਾਲਾਨਾ ਤਰੱਕੀ ਲਈ ਡਿਊਟੀ ਨਹੀਂ ਮੰਨਿਆ ਗਿਆ ਉਹ ਸਮਾਂ ਪ੍ਰਵੀਨਤਾ ਤਰੱਕੀ ਲਈ ਨਹੀਂ ਗਿਣਿਆ ਜਾਵੇਗਾ । ਨੰਬਰ 7/42/97-5ਪੀ.ਪੀ. 1 /2836 ਮਿਤੀ 02.03.2001 |
| 3.5 | ਪ੍ਰਵੀਨਤਾ ਤਰੱਕੀ / ਸਿਲੈਕਸ਼ਨ ਗਰੇਡ ਦੇਣ ਦੇ ਕੇਸਾਂ ਵਿਚ ਐਡਾਹਕ ਸੇਵਾ ਦਾ ਸਮਾਂ ਗਿਣਿਆ ਜਾਵੇਗਾ ਜਾਂ ਨਹੀਂ । | ਪ੍ਰਵੀਨਤਾ ਤਰੱਕੀ/ ਸਿਲੈਕਸ਼ਨ ਸਕੇਲ ਦੇ ਕੇਸਾਂ ਵਿਚ ਸਿਰਫ ਰੈਗੂਲਰ ਸੇਵਾ ਗਿਣਦੇ ਹੋਏ ਲਾਭ ਦਿੱਤੇ ਜਾਣੇ ਹਨ। ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹਨ ਪਿਛਲੇ ਕੇਸਾਂ ਵਿਚ ਏ.ਸੀ.ਪੀ.ਦਾ ਲਾਭ ਦੁਬਾਰਾ ਠੀਕ ਕਰਨ ਤੇ ਇਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਕੋਈ ਰਿਕਵਰੀ ਨਹੀਂ ਕੀਤੀ ਜਾਵੇਗੀ । ਪੱਤਰ 7/80/99-5ਪੀ.ਪੀ.-1/9395 ਮਿਤੀ 21.6.2001 |
| 3.6 | ਜੇਕਰ ਕਿਸੇ ਕਰਮਚਾਰੀ ਨੂੰ ਸੀਨੀਅਰ ਗਰੇਡ ਜਾਂ ਸਿਲੈਕਸ਼ਨ ਗਰੇਡ ਮਿਲਣ ਕਾਰਨ ਤਨਖਾਹ ਵਿਚ ਲਾਭ ਹੋਇਆ ਹੋਵੇ ਤਾਂ ਸੀਨੀਅਰ ਗਰੇਡ ਜਾਂ ਸਲੈਕਸ਼ਨ ਗਰੇਡ ਦੇਣ ਸਬੰਧੀ ਕੀ ਹਦਾਇਤਾਂ ਹਨ ? | ਸਲੈਕਸ਼ਨ ਗਰੇਡ / ਸੀਨੀਅਰ ਗਰੇਡ ਮਿਲਣ ਕਾਰਨ ਜੇਕਰ ਇੱਕ ਜਾਂ ਇੱਕ ਤੋਂ ਵਧ ਸਲਾਨਾ ਤਰੱਕੀ ਦਾ ਲਾਭ ਹੋਇਆ ਹੈ ਤਾਂ ਸਿਲੈਕਸ਼ਨ ਗਰੇਡ ਤੋਂ ਪਹਿਲੀ ਸੇਵਾ ਏ.ਸੀ.ਪੀ. ਲਈ ਨਹੀਂ ਗਿਣੀ ਜਾਵੇਗੀ, ਕਰਮਚਾਰੀ ਨੂੰ ਮਿਲਣ ਵਾਲਾ ਅਗਲਾ ਲਾਭ ਅਜਿਹੇ ਵਾਧੇ ਦੀ ਮਿਤੀ ਤੋਂ ਗਿਣ ਕੇ ਦਿੱਤਾ ਜਾਵੇਗਾ।। 7/25/2003-5 ਪੀ.ਪੀ. 1/3586 ਮਿਤੀ 5.10.06 (ਇਹ ਸ਼ਰਤ 1.9.1989 ਤੋਂ ਪਹਿਲਾਂ ਦੇ ਕੇਸਾਂ ਤੇ ਲਾਗੂ ਨਹੀਂ ਹੈ) |
| 3.7 | ਸੀਨੀਅਰ ਕਲਰਕ / ਜੁਨੀਅਰ ਸਹਾਇਕ ਨੂੰ 4-9/14 ਏ.ਸੀ.ਪੀ. ਦੇਣ ਸਮੇਂ ਉਸ ਦੇ ਮੌਜੂਦਾ ਸਕੇਲ ਤੋਂ ਅਗਲਾ ਸਕੇਲ ਮਿਲਣ ਯੋਗ ਹੈ ਜਾਂ ਨਹੀਂ ? | ਸੀਨੀਅਰ ਕਲਰਕ/ ਜੁਨੀਅਰ ਸਹਾਇਕ ਨੂੰ ਏ.ਸੀ.ਪੀ. ਸਮੇ ਅਗਲਾ ਉਚੇਰਾ ਸਕੇਲ ਨਹੀਂ ਦਿੱਤਾ ਜਾਣਾ। ਉਸ ਨੂੰ ਉਸੇ ਪ੍ਰੋਟੈਕਟਡ ਸਕੇਲ ਵਿਚ ਹੀ ਰਖਣਾ ਹੈ। 7/119/2001-5 ਪੀ.ਪੀ. /7785 ਮਿਤੀ 25.5.06 |
| 3.8 | 4-9-14 ਏ.ਸੀ.ਪੀ. ਸਕੀਮ ਮਿਤੀ 1.11.2006 ਤੋਂ ਲਾਗੂ ਕੀਤੀ ਗਈ ਸੀ ਇਸ ਸਕੀਮ ਨੂੰ ਕੁੱਝ ਕਰਮਚਾਰੀਆਂ ਵਲੋਂ ਉਸ ਸਮੇਂ ਨਹੀਂ ਅਪਣਾਇਆ ਗਿਆ ਕੀ ਬਾਅਦ ਵਿਚ ਵੀ ਇਸ ਸਕੀਮ ਨੂੰ ਅਪਣਾਇਆ ਜਾ ਸਕਦਾ ਹੈ । | ਇਸ ਸਕੀਮ ਨੂੰ ਜਿਨਾਂ ਕਰਮਚਾਰੀਆਂ ਨੇ ਨਹੀਂ ਅਪਣਾਇਆ ਸੀ ਉਨਾਂ ਨੂੰ ਪੱਤਰ ਨੰਬਰ 7/70/09-5 ਪੀ.ਪੀ.1 /748 ਮਿਤੀ 3.2.2010 ਰਾਹੀਂ ਦੁਬਾਰਾ ਆਪਸ਼ਨ ਦਾ ਮੌਕਾ ਦਿੱਤਾ ਗਿਆ । ਪੱਤਰ ਜਾਰੀ ਹੋਣ ਤੋਂ 3 ਮਹੀਨੇ ਦੇ ਅੰਦਰ ਅੰਦਰ ਕਰਮਚਾਰੀ ਇਸ ਸਕੀਮ ਨੂੰ ਅਪਉਣ ਲਈ ਆਪਸ਼ਨ ਦੇ ਸਕਦਾ ਸੀ । |
| | **ਤਨਖਾਹ** | |

| | | |
|---|---|---|
| 4.1 | ਮੈਡੀਕਲ ਅਧਾਰ ਤੇ ਬਿਨਾਂ ਤਨਖਾਹ ਛੁਟੀ ਦਾ ਸਮਾਂ ਸਾਲਾਨਾ ਤਰੱਕੀ ਲਈ ਡਿਊਟੀ ਮੰਨਿਆ ਜਾਵੇਗਾ ਜਾਂ ਨਹੀਂ, ਕੀ ਇਹ ਸਮਾਂ ਪੈਨਸ਼ਨ ਲਈ ਵੀ ਡਿਊਟੀ ਮੰਨਿਆ ਜਾਣਾ ਹੈ ? | ਮੈਡੀਕਲ ਅਧਾਰ ਤੇ ਬਿਨਾਂ ਤਨਖਾਹ ਛੁਟੀ ਦਾ ਸਮਾਂ ਸਾਲਾਨਾ ਤਰੱਕੀ,ਪ੍ਰਵੀਨਤਾ ਤਰੱਕੀ ਅਤੇ ਪੈਨਸ਼ਨ ਦਾ ਲਾਭ ਦੇਣ ਲਈ ਡਿਊਟੀ ਮੰਨਿਆ ਜਾਵੇਗਾ । ਰੂਲ 4.9 ਸੀ.ਐਸ.ਆਰ. ਵਾਲੀਅਮ-1 ਪਾਰਟ-1 ਅਤੇ ਰੂਲ 4.7 ਸੀ.ਐਸ.ਆਰ. ਵਾਲੀਅਮ 2 |
| 4.2 | ਰਿਟਾਇਰਮੈਂਟ ਤੋਂ ਬਾਅਦ ਮੁੜ ਨਿਯੁਕਤ ਕੀਤੇ ਕਰਮਚਾਰੀਆਂ ਦੀ ਤਨਖਾਹ ਫਿਕਸ ਕਰਨ ਸਬੰਧੀ ਜਾਣਕਾਰੀ ਦਿੱਤੀ ਜਾਵੇ। | 1. ਪੰਜਾਬ ਸਰਕਾਰ ਦੇ ਪੱਤਰ ਨੰਬਰ 6/108/2010-1 ਐਫ.ਪੀ.2/354 ਮਿਤੀ 31.8.2010 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰਿਟਾਇਰਡ ਕਰਮਚਾਰੀ ਦੀ ਮੁੜ ਨਿਯੁਕਤੀ ਸਮੇਂ ਤਨਖਾਹ ਫਿਕਸ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਮਿਤੀ 1.1.06 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਦੇ ਕੇਸ ਵਿਚ ਉਨਾਂ ਵਲੋਂ ਡਰਾਅ ਕੀਤੀ ਗਈ ਆਖਰੀ ਤਨਖਾਹ ਵਿਚੋਂ ਕਮਿਊਟ ਤੋਂ ਪਹਿਲਾਂ ਦੀ ਪੈਨਸ਼ਨ ਘਟਾ ਕੇ ਫਿਕਸ ਕੀਤੀ ਜਾਵੇਗੀ ।<br>2. ਮਿਤੀ 1.1.2006 ਤੋਂ ਪਹਿਲਾਂ ਰਿਟਾਇਰ ਹੋ ਚੁੱਕੇ ਕਰਮਚਾਰੀਆਂ ਦੀ ਮੁੜ ਨਿਯੁਕਤੀ ਦੇ ਕੇਸ ਵਿਚ ਉਨਾਂ ਵਲੋਂ ਆਖਰੀ ਤਨਖਾਹ ਨੂੰ ਰਵਾਈਜਡ ਸਕੇਲਾਂ ਅਨੁਸਾਰ ਨੋਸ਼ਨਲ ਤੌਰ ਤੇ ਤਨਖਾਹ ਫਿਕਸ ਕਰਨ ਉਪਰੰਤ ਉਪਰੋਕਤ ਪੈਰਾ 1 ਅਨੁਸਾਰ ਤਨਖਾਹ ਫਿਕਸ ਕੀਤੀ ਜਾਵੇਗੀ । |
| 4.3 | ਆਪਣੀ ਮਰਜੀ ਨਾਲ ਘਟ ਤਨਖਾਹ ਸਕੇਲ ਵਾਲੀ ਅਸਾਮੀ ਤੇ ਰਿਵਰਸ਼ਨ ਲੈਣ ਦੇ ਕੇਸ ਵਿਚ ਤਨਖਾਹ ਫਿਕਸ ਕਰਨ ਸਬੰਧੀ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ 6/89-12/2ਐਫ.ਪੀ.2/26 ਮਿਤੀ 10.1.2013 ਰਾਹੀਂ ਜਾਰੀ ਅਗਵਾਈ ਲੀਹਾਂ ਅਨੁਸਾਰ ਰਿਵਰਸ਼ਨ ਲੈਣ ਦੇ ਕੇਸ ਵਿਚ ਕਰਮਚਾਰੀ ਦੀ ਤਨਖਾਹ ਜੋ ਉਪਰਲੀ ਅਸਾਮੀ ਵਾਲੀ ਸੀ ਉਹ ਪ੍ਰੋਟੈਕਟ ਕੀਤੀ ਜਾਵੇਗੀ ਪ੍ਰੰਤੂ ਗਰੇਡ ਪੇ ਛੋਟੀ ਅਸਾਮੀ ਵਾਲੀ ਦਿੱਤੀ ਜਾਵੇਗੀ । ਇਹ ਹਦਾਇਤਾਂ ਮਿਤੀ 1.1.2006 ਤੋਂ ਲਾਗੂ ਹਨ । |
| 4.4 | ਕਰਮਚਾਰੀ ਦੀ ਤਨਖਾਹ ਗਲਤ ਫਿਕਸ ਕਰਨ ਕਾਰਨ ਬਾਅਦ ਵਿਚ ਆਡਿਟ ਇਤਰਾਜ ਜਾਂ ਹੋਰ ਕਾਰਨਾ ਕਰਕੇ ਤਨਖਾਹ ਘਟਾਣ ਦੇ ਕੇਸ ਵਿਚ ਕਰਮਚਾਰੀ ਤੋਂ ਕੀਤੀ ਜਾਣ ਵਾਲੀ ਰਿਕਵਰੀ ਸਬੰਧੀ ਪਾਲਸੀ ਬਾਰੇ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਵਲੋਂ ਪੱਤਰ ਨੰਬਰ No.4/118/09-1FPPC/1146 dated 5.10.2012 ਜਾਰੀ ਵਿਸਥਾਰ ਪੂਰਬਕ ਗਾਈਡ ਲਾਈਨਾਂ ਜਾਰੀ ਕੀਤੀਆਂ ਹਨ। ਕਰਮਚਾਰੀ ਦੀ ਤਨਖਾਹ ਗਲਤ ਫਿਕਸ ਹੋਣ ਦੇ ਕੇਸ ਵਿਚ ਪਤਾ ਲੱਗਣ ਤੇ ਤਨਖਾਹ ਘਟਾਈ ਜਾਵੇਗੀ ਅਤੇ ਰਿਕਵਰੀ ਵੀ ਕੀਤੀ ਜਾਵੇਗੀ। ਪ੍ਰੰਤੂ ਜੇਕਰ ਕਰਮਚਾਰੀ ਰਿਟਾਇਰ ਹੋ ਚੁੱਕਾ ਹੈ ਜਾਂ ਰਿਟਾਇਰਮੈਂਟ ਦੇ ਨੇੜੇ ਹੈ ਜਾਂ ਦਰਜਾ ਚਾਰ/ low paid ਹੈ ਤਾਂ ਰਿਕਵਰੀ ਕਰਨ ਸਬੰਧੀ ਹਦਾਇਤਾਂ ਨੂੰ ਧਿਆਨ ਵਿਚ ਰੱਖ ਲਿਆ ਜਾਵੇ । |
| 4.5 | ਕਰਮਚਾਰੀ ਦੀ ਪੱਦ ਉਨਤੀ ਹੋਣ ਸਮੇਂ ਤਨਖਾਹ ਫਿਕਸ ਕਰਨ ਸਬੰਧੀ ਨਿਯਮਾਂ ਦੀ ਜਾਣਕਾਰੀ ਦਿੱਤੀ ਜਾਵੇ । | ਰਿਵਾਈਜਡ ਸਕੇਲ ਰੂਲਜ 2009 ਦੇ ਰੂਲ 11 ਵਿਚ ਕੀਤੀ ਗਈ ਸੋਧ ਅਨੁਸਾਰ ਕਰਮਚਾਰੀ ਦੇ ਪੱਦ ਉਨਤ ਹੋਣ ਸਮੇਂ ਉਸ ਵਲੋਂ ਇੱਕ ਮਹੀਨੇ ਦੇ ਅੰਦਰ ਅੰਦਰ ਤਨਖਾਹ ਫਿਕਸ ਕਰਨ ਸਬੰਧੀ ਆਪਸ਼ਨ ਦਿੱਤੀ ਜਾਵੇਗੀ। ਜੇਕਰ ਕਰਮਚਾਰੀ ਪੱਦ ਉਨਤੀ ਦੀ ਮਿਤੀ ਤੋਂ ਹੀ ਲਾਭ ਲੈਣਾ ਚਾਹੁੰਦਾ ਹੈ ਤਾਂ ਉਸ ਨੂੰ ਪੁਰਾਨੀ ਤਨਖਾਹ + ਗਰੇਡ ਪੇ ਦਾ 3% ਪ੍ਰਤੀਸ਼ਤ ਤਰੱਕੀ ਦਾ ਲਾਭ ਅਤੇ ਗਰੇਡ ਤਨਖਾਹ ਜੋ ਪੱਦ ਉਨਤੀ ਤੇ ਮਿਲਣ ਯੋਗ ਹੈ ਦੇ ਦਿੱਤੀ ਜਾਵੇਗੀ ਅਤੇ ਅਗਲੀ ਸਾਲਾਨਾ ਤਰੱਕੀ ਪੱਦ ਉਨਤੀ ਤੋਂ ਸਾਲ ਬਾਅਦ ਦਿੱਤੀ ਜਾਵੇਗੀ।<br>ਜੇਕਰ ਕਰਮਚਾਰੀ ਪੱਦ ਉਨਤੀ ਦਾ ਲਾਭ ਅਗਲੀ ਸਾਲਾਨਾ ਤਰੱਕੀ ਤੇ ਲੈਣਾ ਚਾਹੁੰਦਾ ਹੈ ਤਾ ਉਸ ਦੀ ਤਨਖਾਹ ਵਿਚ ਕੋਈ ਫਰਕ ਨਹੀ਼ ਪਵੇਗਾ ਸਿਰਫ ਗਰੇਡ ਪੇ ਜੋ ਪੱਦ ਉਨਤੀ ਵਾਲੀ ਅਸਾਮੀ ਤੇ ਮਿਲਣ ਯੋਗ ਹੈ ਦੇ ਦਿੱਤੀ ਜਾਵੇਗੀ। ਸਾਲਾਨਾ ਤਰੱਕੀ ਦੀ ਮਿਤੀ ਵਾਲੇ ਦਿਨ ਪੁਰਾਨੀ ਤਨਖਾਹ ਅਤੇ ਪੁਰਾਨੀ ਗਰੇਡ ਪੇ ਤੇ 3% ਸਾਲਾਨਾ ਤਰੱਕੀ ਅਤੇ ਦੁਬਾਰਾ ਫਿਰ ਪੁਰਾਨੀ ਤਨਖਾਹ ਅਤੇ ਪੁਰਾਨੀ ਗਰੇਡ ਪੇ ਅਤੇ ਪਹਿਲੀ ਤਰੱਕੀ ਜੋੜ ਕੇ 3% ਸਾਲਾਨਾ ਤਰੱਕੀ ਦਾ ਲਾਭ ਦੇ ਕੇ ਤਨਖਾਹ ਫਿਕਸ ਕੀਤੀ ਜਾਵੇਗੀ । |
| 4.6 | ਜੂਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ 1.1.2006 ਸੀ ਜਦ ਕਿ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ 1.6.2006 ਸੀ ਜੂਨੀਅਰ | ਰਿਵਾਈਜਡ ਪੇ ਸਕੇਲ ਰੂਲਜ 2009 ਦੇ ਰੂਲ 7 ਨੋਟ 5 ਅਤੇ ਪੰਜਾਬ ਸਰਕਾਰ ਵਲੋਂ ਪੱਤਰ ਨੰਬਰ **No. 5/55/2009-5FP1/604, Dated 16th October, 2009 ਰਾਹੀਂ ਕਲੈਰੀਫੀਕੇਸ਼ਨ ਅਨੁਸਾਰ ਸੀ**ਨੀਅਰ ਕਰਮਚਾਰੀ |

| | | |
|---|---|---|
| | ਕਰਮਚਾਰੀ ਵਲੋਂ ਨੋਟ 1 ਰੂਲ 7 ਤਹਿਤ ਆਪਸ਼ਨ ਦੇ ਕੇ ਤਨਖਾਹ ਫਿਕਸ ਕਰਵਾ ਲਈ ਜਿਸ ਕਾਰਨ ਸੀਨੀਅਰ ਕਰਮਚਾਰੀ ਦੀ ਤਨਖਾਹ ਮਿਤੀ 1.1.2006 ਨੂੰ ਘਟ ਗਈ । ਸੀਨੀਅਰ ਕਰਮਚਾਰੀ ਦੀ ਤਨਖਾਹ ਸਟੈਪ ਅਪ ਕਰਨ ਸਬੰਧੀ ਹਦਾਇਤਾਂ ਦਰਸਾਈਆਂ ਜਾਣ | ਦੀ ਤਨਖਾਹ ਸਟੈਪ ਅਪ ਕਰ ਦਿੱਤੀ ਜਾਵੇਗੀ ਅਤੇ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ ਵਿਚ ਕੋਈ ਫਰਕ ਨਹੀ਼ ਪਵੇਗਾ । |
| 4.7 | ਜੂਨੀਅਰ ਕਰਮਚਾਰੀ ਦੀ ਪੱਦ ਉਨਤੀ ਮਿਤੀ 1.11.2006 ਤੋਂ ਬਾਅਦ 4 ਅਤੇ 9 ਸਾਲਾ ਪ੍ਰਵੀਨਤਾ ਤਰੱਕੀ ਲੈਣ ਤੋਂ ਬਾਅਦ ਹੋਈ ਸੀ ਜਦ ਕਿ ਸੀਨੀਅਰ ਕਰਮਚਾਰੀ ਦੀ ਪੱਦ ਉਨਤੀ ਮਿਤੀ 1.11.2006 ਤੋਂ ਪਹਿਲਾਂ ਹੋ ਚੁੱਕੀ ਸੀ ਅਤੇ ਉਸ ਨੂੰ ਸਿਰਫ 8 ਸਾਲਾ ਪ੍ਰਵੀਨਤਾ ਤਰੱਕੀ ਹੀ ਮਿਲੀ ਸੀ। ਇਸ ਤਰਾਂ ਜੂਨੀਅਰ ਦੀ ਤਨਖਾਹ ਸੀਨੀਅਰ ਨਾਲੋ ਵਧ ਗਈ । | ਰਿਵਾਈਜਡ ਪੇ ਸਕੇਲ ਰੂਲਜ 2009 ਦੇ ਰੂਲ 7 ਨੋਟ 6 ਅਤੇ ਪੰਜਾਬ ਸਰਕਾਰ ਵਲੋਂ ਪੱਤਰ ਨੰਬਰ No. 6/46/2010-1FPII/327, dated 12.08.2010 ਹਦਾਇਤਾਂ ਦੀ ਰੋਸ਼ਨੀ ਵਿਚ ਸੀਨੀਅਰ ਕਰਮਚਾਰੀ ਦੀ ਤਨਖਾਹ ਸਟੈਪ ਅਪ ਦੇ ਕੇਸ ਦਾ ਫੈਸਲਾ ਵਿਭਾਗ ਦੇ ਸਕੱਤਰ ਵਲੋਂ ਵਿੱਤ ਵਿਭਾਗ ਦੀ ਸਲਾਹ ਨਾਲ ਕੀਤਾ ਜਾਵੇਗਾ । |
| 4.8 | ਮਿਤੀ 1.1.2006 ਤੋਂ ਬਾਅਦ ਬਹੁਤ ਸਾਰੇ ਕੇਸਾਂ ਵਿਚ ਸਰਕਾਰ ਵਲੋਂ ਤਨਖਾਹ ਸਕੇਲ ਰੀ-ਰਿਵਾਈਜ ਕੀਤੇ ਗਏ ਹਨ। ਉਨਾਂ ਕੇਸਾਂ ਵਿਚ ਸਾਲਾਨਾ ਤਰੱਕੀ ਪੁਰਾਨੀ ਰਹੇਗੀ ਜਾਂ ਫਿਰ ਰੀ-ਰੀਵਾਈਜਡ ਤੋਂ 1 ਸਾਲ ਬਾਅਦ ਲਗੇਗੀ । | ਇਸ ਸਬੰਧ ਵਿਚ ਪੰਜਾਬ ਸਰਕਾਰ ਵਿੱਤ ਵਿਭਾਗ ਵਲੋਂ ਪੱਤਰ ਨੰਬਰ .5/55/09-5FP1/429 dated 9.7.2012 ਰਾਹੀਂ ਗਾਈਡ ਲਾਈਨਾਂ ਜਾਰੀ ਕੀਤੀਆਂ ਹਨ। ਰੀ-ਰਵਾਈਜਡ ਤਨਖਾਹ ਫਿਕਸ ਕਰਨ ਸਮੇਂ ਜੇਕਰ ਕਰਮਚਾਰੀ ਦੀ ਉਸ ਸਕੇਲ ਦੀ ਮੁਢਲੀ ਤਨਖਾਹ ਤੋਂ ਵੱਧ ਤਨਖਾਹ ਫਿਕਸ ਹੋਈ ਹੈ ਤਾਂ ਸਾਲਾਨਾ ਤਰੱਕੀ ਪੁਰਾਨੀ ਹੀ ਰਹੇਗੀ। ਜਿਸ ਕੇਸ ਵਿਚ ਤਨਖਾਹ ਮੁਢਲੀ ਸਟੇਜ਼ ਤੇ ਹੀ ਫਿਕਸ ਹੋਈ ਹੈ ਅਤੇ ਤਨਖਾਹ ਵਿਚ ਵਾਧਾ 3 % ਤੋਂ ਵੱਧ ਹੈ ਤਾਂ ਸਾਲਾਨਾ ਤਰੱਕੀ ਸਾਲ ਬਾਅਦ ਲਗੇਗੀ । |
| | | |
| | **ਭੱਤੇ** | |
| 5.1 | ਮੋਬਾਇਲ ਭੱਤੇ ਸਬੰਧੀ ਸਪੱਸ਼ਟੀਕਰਨ ਦਿੱਤਾ ਜਾਵੇ । ਕੀ ਛੁਟੀ ਦੌਰਾਨ ਮੋਬਾਇਲ ਭੱਤਾ ਮਿਲ ਸਕਦਾ ਹੈ ? | ਪੰਜਾਬ ਸਰਕਾਰ,ਵਿੱਤ ਵਿਭਾਗ ਦੇ ਪੱਤਰ ਨੰਬਰ 3/28/2011-4<br>ਐਫ.ਪੀ.11/612 ਮਿਤੀ 03.10.2011 ਰਾਹੀਂ ਮਿਤੀ 1.10.2011 ਤੋਂ ਮੋਬਾਇਲ ਭੱਤਾ ਦਿੱਤਾ ਗਿਆ ਸੀ। ਇਹ ਭੱਤਾ ਗਰੁੱਪ ਏ ਲਈ500.00, ਗਰੁੱਪ ਬੀ ਲਈ 300 ਅਤੇ ਗਰੁੱਪ ਸੀ ਲਈ 150 ਅਤੇ ਗਰੁੱਪ ਡੀ ਲਈ 100 ਰੁਪਏ ਦਿੱਤਾ ਗਿਆ ਸੀ । ਬਾਅਦ ਵਿਚ ਪੱਤਰ ਨੰਬਰ 5/10/09-5 ਐਫ.ਪੀ.1/1825 ਮਿਤੀ 23.12.2011 ਰਾਹੀਂ ਗਰੁੱਪ ਸੀ ਅਤੇ ਡੀ ਕਰਮਚਾਰੀਆਂ ਦਾ ਮੋਬਾਇਲ ਭੱਤਾ ਮਿਤੀ 1.12.2011 ਤੋਂ 250 ਰੁਪਏ ਕਰ ਦਿੱਤਾ ਗਿਆ ਸੀ । ਇੱਕ ਮਹੀਨੇ<br>ਵਿਚ 10 ਦਿਨ ਤੋਂ ਵੱਧ ਛੁਟੀ ਲੈਣ ਤੇ ( ਅਚਨਚੇਤ ਛੁੱਟੀ ਛੱਡ ਕੇ ) ਮੋਬਾਇਲ ਅਲਾਉਸ ਨਹੀਂ ਮਿਲੇਗਾ। |
| 5.2 | ਜਿਹੜੇ ਕਰਮਚਾਰੀ ਮੁਫਤ ਸਰਕਾਰੀ ਰਿਹਾਇਸ ਦੇ ਹੱਕਦਾਰ ਹਨ ਅਤੇ ਜੇਕਰ ਉਨ੍ਹਾਂ ਨੂੰ ਸਰਕਾਰ ਵਲੋਂ ਮੁਫਤ ਸਰਕਾਰੀ ਰਿਹਾਇਸ਼ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਉਸ ਬਦਲੇ 5 % ਵਾਧੂ ਮਕਾਨ ਕਿਰਾਇਆ ਭੱਤਾ ਦੇਣ ਦੀਆਂ ਸ਼ਰਤਾਂ ਕੀ ਹਨ ? | ਮੁਫਤ ਸਰਕਾਰੀ ਰਿਹਾਇਸ ਨਾਂ ਮਿਲਣ ਕਾਰਨ ਤਨਖਾਹ ਦਾ 5 % ਵਾਧੂ ਮਕਾਨ ਕਿਰਾਇਆ ਭੱਤਾ ਤਾਂ ਹੀ ਮਿਲ ਸਕਦਾ ਹੈ ਜੇਕਰ ਕਰਮਚਾਰੀ ਕਿਰਾਏ ਦੇ ਮਕਾਨ ਵਿਚ ਡਿਊਟੀ ਦੇ ਸਥਾਨ ਦੇ ਨੇੜੇ (ਤਿੰਨ ਕਿਲੋਮੀਟਰ ਦੇ ਘੇਰੇ ਵਿਚ ) ਜਾਂ ਫਿਰ ਸਮਰਥ ਅਧਿਕਾਰੀ ਦੀ ਆਗਿਆ ਨਾਲ ਕਿਤੇ ਹੋਰ ਸਥਾਨ ਤੇ ਰਹਿ ਰਿਹਾ ਹੋਵੇ। ਇਹ ਮਕਾਨ ਕਿਰਾਇਆ ਭੱਤਾ ਮਿਤੀ 1.12.2011 ਤੋਂ ਰਿਵਾਈਜਡ ਸਕੇਲ ਵਾਲੀ ਤਨਖਾਹ ਤੇ ਵੀ 5 % ਮਿਲਣਯੋਗ ਹੋਵੇਗਾ । ਵਿੱਤ ਵਿਭਾਗ ਦਾ ਪੱਤਰ ਨੰਬਰ 812 ਮਿਤੀ 14.11.2011 |
| 5.3 | ਕਰਮਚਾਰੀ ਵਲੋਂ ਦੋ ਲੜਕੀਆਂ ਤੋਂ ਬਾਅਦ ਪ੍ਰੀਵਾਰ ਨਿਯੋਜਨ ਦਾ ਅਪ੍ਰੇਸ਼ਨ ਕਰਵਾਣ ਤੇ ਦੋ ਸਾਲਾਨਾ ਤਰੱਕੀਆਂ ਦੇ ਬਰਾਬਰ ਪ੍ਰੀਵਾਰ ਭਲਾਈ ਭੱਤਾ ਦਿੱਤਾ ਜਾਂਦਾ ਹੈ। ਇਹ ਲਾਭ ਕਿਸ ਮਿਤੀ ਤੋਂ ਲਾਗੂ ਹੈ । | ਮਿਤੀ 1.05.2010 ਤੋਂ ਬਾਅਦ 2 ਲੜਕੀਆਂ ਤੋਂ ਬਾਅਦ ਪ੍ਰੀਵਾਰ ਨਿਯੋਜਨ ਦਾ ਅਪ੍ਰੇਸ਼ਨ ਕਰਵਾਣ ਤੇ 2 ਸਾਲਾਨਾ ਤਰੱਕੀਆਂ ਦੇ ਬਰਾਬਰ ਪ੍ਰੀਵਾਰ ਭਲਾਈ ਭੱਤਾ ਦੇਣ ਯੋਗ ਹੈ ਬਸ਼ਰਤੇ ਬਾਕੀ ਸ਼ਰਤਾਂ<br>ਜ਼ੋ ਪਹਿਲਾਂ ਹੀ ਨਿਰਧਾਰਤ ਹਨ ਪੂਰੀਆਂ ਹੁੰਦੀਆਂ ਹੋਣ । |
| 5.4 | ਅੰਗਹੀਣ ਕਰਮਚਾਰੀਆਂ ਨੂੰ ਸਰਕਾਰ ਵਲੋਂ ਅੰਗਹੀਣਤਾ ਕਾਰਨ ਦਿੱਤੇ ਗਏ | ਪੰਜਾਬ ਸਰਕਾਰ ਦੇ ਪੱਤਰ ਨੰਬਰ 3/9%2011/5 ਐਫ.ਪੀ.2/261 ਮਿਤੀ 2.7.2012 ਰਾਹੀਂ ਜਾਰੀ ਕਲੈਰੀਫੀਕੇਸ਼ਨ |

| | | |
|---|---|---|
| | ਸਵਾਰੀ ਭੱਤੇ ਦੇ ਨਾਲ ਨਾਲ ਬਾਕੀ ਕਰਮਚਾਰੀਆਂ ਵਾਂਗ ਮਿਲਣ ਵਾਲੇ ਸਵਾਰੀ ਭੱਤੇ ਵੀ ਮਿਲਣਗੇ | ਅਨੁਸਾਰ ਅੰਗਹੀਣ ਕਰਮਚਾਰੀਆਂ ਨੂੰ ਅੰਗਹੀਣਤਾ ਕਾਰਨ ਮਿਲ ਰਹੇ ਸਵਾਰੀ ਭੱਤੇ ਦੇ ਨਾਲ ਨਾਲ ਦੂਸਰੇ ਕਰਮਚਾਰੀਆਂ ਵਾਂਗ ਸਵਾਰੀ ਭੱਤਾ ਮਿਲਣ ਯੋਗ ਹੈ। |
| 5.5 | ਛੁਟੀ ਦੌਰਾਨ ਮੋਬਾਇਲ ਭੱਤਾ ਮਿਲਣ ਸਬੰਧੀ ਹਦਾਇਤਾਂ ਦਸੀਆਂ ਜਾਣ । | ਪੰਜਾਬ ਸਰਕਾਰ ਦੇ ਪੱਤਰ ਨੰਬਰ 23/3/2012-4 ਐਫ.ਪੀ.2/501 ਮਿਤੀ 18.10.2012 ਰਾਹੀਂ ਜਾਰੀ ਕਲੈਰੀਫੀਕੇਸ਼ਨ ਅਨੁਸਾਰ ਜੇਕਰ ਕੋਈ ਕਰਮਚਾਰੀ ਅਚਨਚੇਤ ਛੁਟੀ ਨੂੰ ਛੱਡ ਕੇ 10 ਦਿਨ ਜਾਂ ਉਸ ਤੋਂ ਵੱਧ ਸਮੇਂ ਦੀ ਛੁਟੀ ਲੈਂਦਾ ਹੈ ਜਾਂ ਐਲ.ਟੀ.ਸੀ. ਤੇ ਜਾਂਦਾ ਹੈ ਤਾਂ ਉਸ ਨੂੰ ਮੋਬਾਇਲ ਭੱਤਾ ਮਿਲਣ ਯੋਗ ਨਹੀਂ ਹੈ । |
| 5.6 | ਅੰਗਹੀਣ ਕਰਮਚਾਰੀਆਂ ਨੂੰ ਮਿਲਣ ਵਾਲੇ ਸਵਾਰੀ ਭੱਤੇ ਬਾਰੇ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ No. 3/2/10-5FP2/1402 Dated: 21.12.2011 ਰਾਹੀਂ ਮਿਤੀ 1.12.2011 ਤੋਂ ਅੰਗਹੀਣ ਕਰਮਚਾਰੀਆਂ ਨੂੰ ਸਵਾਰੀ ਭੱਤਾ 450 ਤੋਂ ਵਧਾ ਕੇ 600 ਰੁਪਏ ਕਰ ਦਿੱਤਾ ਗਿਆ ਹੈ । |
| 5.7 | ਅੰਗਹੀਣ ਕਰਮਚਾਰੀ ਨੂੰ ਸਵਾਰੀ ਭੱਤਾ ਮੰਜੂਰ ਕਰਨ ਲਈ ਕਿਸ ਅਧਿਕਾਰੀ ਦੀ ਪ੍ਰਵਾਨਗੀ ਦੀ ਲੋੜ ਹੈ ? | ਅੰਗਹੀਣ ਕਰਮਚਾਰੀ ਨੂੰ ਸਵਾਰੀ ਭੱਤਾ ਦੇਣ ਲਈ ਵਿਭਾਗ ਦੇ ਮੁਖੀ ਦੀ ਪ੍ਰਵਾਨਗੀ ਹੋਣੀ ਚਾਹੀਦੀ ਹੈ। ਇਹ ਭੱਤਾ ਪ੍ਰਵਾਨਗੀ ਜਾਰੀ ਹੋਣ ਦੀ ਮਿਤੀ ਤੋਂ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦਾ ਪੱਤਰ ਨੰਬਰ 31/38/79-7 ਐਫ.ਆਰ./5073 ਮਿਤੀ 15.7.1982 ਵਿਤੀ ਮੈਨੂਅਲ ਪਾਰਟ 1 ਪੰਨਾ 912 |
| 5.8 | ਤਰਸ ਦੇ ਅਧਾਰ ਤੇ ਨੌਕਰੀ ਪ੍ਰਾਪਤ ਕਰਨ ਦੇ ਕੇਸ ਵਿਚ ਪ੍ਰੀਵਾਰਕ ਪੈਨਸ਼ਨ ਤੇ ਮਹਿੰਗਾਈ ਭੱਤਾ ਦੇਣ ਬਾਰੇ ਸਰਕਾਰ ਦੀ ਪਾਲਿਸੀ ਬਾਰੇ ਜਾਣੂੰ ਕਰਵਾਇਆ ਜਾਵੇ। | **ਤਰਸ ਦੇ ਅਧਾਰ ਤੇ ਨੌਕਰੀ ਪ੍ਰਾਪਤ ਕਰਨ ਵਾਲੇ ਕੇਸਾ ਵਿਚ ਪਹਿਲਾਂ ਪ੍ਰੀਵਾਰਕ ਪੈਨਸ਼ਨ ਤੇ ਮਹਿੰਗਾਈ ਭੱਤਾ ਮਿਲਣ ਯੋਗ ਨਹੀਂ ਸੀ। ਪ੍ਰੰਤੂ ਪੰਜਾਬ ਸਰਕਾਰ ਵਲੋਂ ਪੱਤਰ No.3/20/1020 -3FPPC/ 1203, dated 4th October, 2010 ਰਾਹੀਂ ਇਸ ਕੇਸ ਵਿਚ ਮਹਿੰਗਾਈ ਭੱਤਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਹਦਾਇਤਾਂ ਮਿਤੀ 4.10.2010 ਭਾਵ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹਨ ।** |
| | **ਪੈਨਸਨ/ਪ੍ਰੀਵਾਰਕ ਪੈਨਸ਼ਨ ਆਦਿ** | |
| 6.1 | ਕਰਮਚਾਰੀ ਦੀ ਡਿਊਟੀ ਦੌਰਾਨ ਮੌਤ ਹੋਣ ਤੇ ਐਕਸ ਗਰੇਸੀਆਂ ਗਰਾਂਟ ਕਿੰਨੀ ਦਿੱਤੀ ਜਾਵੇਗੀ? | ਡਿਊਟੀ ਦੌਰਾਨ ਦੁਰਘਨਾ ਕਾਰਨ ਜਾਂ ਨਰ ਹੱਤਿਆ ( Homicidal ) ਮੌਤ ਤੇ 5 ਲੱਖ ਰੁਪਏ ਐਕਸ ਗਰੇਸੀਆ ਗਰਾਂਟ ਦਿੱਤੀ ਜਾਵੇਗੀ। ਨਾਰਮਲ ਮੌਤ ਹੋਣ ਤੇ 1 ਲੱਖ ਰੁਪਏ ਐਕਸ ਗਰੇਸੀਆ ਗਰਾਂਟ ਦਿੱਤੀ ਜਾਵੇਗੀ। ਡਿਊਟੀ ਕਾਰਨ ਪੱਕੇ ਤੌਰ ਤੇ ਅੰਗਹੀਣ ਹੋਣ ਕਾਰਨ ਨੌਕਰੀ ਵਿਚੋ ਰਿਟਾਇਰ ਕੀਤੇ ਕਰਮਚਾਰੀਆਂ ਦੇ ਕੇਸ ਵਿਚ ਵੀ ਇਹ ਗਰਾਂਟ ਮਿਲਣ ਯੋਗ ਹੈ।ਪ੍ਰੰਤੂ ਜੇਕਰ ਅੰਗਹੀਣਤਾ ਘੱਟ ਹੈ ਤਾਂ Proportionate ਅਧਾਰ ਤੇ ਅੰਗਹੀਣਤਾ ਦੀ ਪ੍ਰਤੀਸ਼ਤ ਅਨੁਸਾਰ ਇਹ ਗਰਾਂਟ ਮਿਲਣਯੋਗ ਹੈ। ਆਤਮ ਹਤਿਆ ਦੇ ਕੇਸ ਵਿਚ ਐਕਸ ਗਰੇਸੀਆ ਗਰਾਂਟ ਨਹੀਂ ਦਿੱਤੀ ਜਾਵੇਗੀ । **ਮਿਤੀ 1.1.2004 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਦੀ ਮੌਤ ਦੇ ਕੇਸ ਵਿਚ ਨਹੀਂ ਦਿੱਤੀ ਜਾਵੇਗੀ** । ਪੰਜਾਬ ਸਰਕਾਰ ਦਾ ਪੱਤਰ ਨੰਬਰ 3/19/10-3 ਐਫ.ਪੀ.ਪੀ.ਸੀ./1368 ਮਿਤੀ 16.12.2011 |
| 6.2 | ਕਰਮਚਾਰੀ ਦੀ ਪਤਨੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ । ਕਰਮਚਾਰੀ ਦੀ ਨੌਕਰੀ ਦੌਰਾਨ ਮੌਤ ਹੋਣ ਤੇ ਉਸ ਦੇ ਪੁਤਰ ਨੂੰ ਐਕਸ ਗਰੇਸੀਆ ਗਰਾਂਟ ਮਿਲਣ ਯੋਗ ਹੋਵੇਗੀ ? | ਕਰਮਚਾਰੀ ਦੀ ਮੌਤ ਉਪਰੰਤ ਜੇਕਰ ਦੇ ਪ੍ਰੀਵਾਰ ਵਿਚ ਪਤੀ / ਪਤਨੀ ਜਿੰਦਾ ਹੈ ਤਾਂ ਐਕਸ ਗਰੇਸ਼ੀਆਂ ਗਰਾਂਟ ਉਸ ਦੇ ਪਤੀ / ਪਤਨੀ ਨੂੰ ਦਿੱਤੀ ਜਾਵੇਗੀ। ਪ੍ਰੰਤੂ ਜੇਕਰ ਪਤੀ / ਪਤਨੀ ਨਹੀਂ ਤਾਂ ਪੁਤਰ /ਪੁਤਰੀ/ਮਾਤਾ ਪਿਤਾ/ਭੈਣ ਭਰਾ ਵਿਚੋਂ ਕੋਈ ਵੀ ਪ੍ਰੀਵਾਰ ਦਾ ਮੈਂਬਰ ਐਕਸ ਗਰੇਸੀਆ ਦਾ ਹੱਕਦਾਰ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਬੇਰੁਜਗਾਰ ਤੇ ਮ੍ਰਿਤਕ ਕਰਮਚਾਰੀ ਤੇ ਨਿਰਭਰ ਹੋਣ ਦਾ ਸਰਟੀਫੀਕੇਟ ਸਬੰਧਤ ਜਿਲੇ ਦੇ ਡਿਪਟੀ ਕਮਿਸ਼ਨਰ ਵਲੋਂ ਜਾਰੀ ਕੀਤਾ ਗਿਆ ਹੋਵੇ ।ਰੂਲ 2.7 ਸੀ.ਐਸ.ਆਰ.ਵਾਲੀਅਮ-2 |
| 6.3 | ਕੀ ਕਰਮਚਾਰੀ ਦੀ ਅਣ ਵਿਆਹੀ ਲੜਕੀ ਜਿਸ ਦੀ ਉਮਰ 25 ਸਾਲ ਤੋਂ ਜਿਆਦਾ ਹੈ ਪ੍ਰੀਵਾਰਕ ਪੈਨਸ਼ਨ ਲੈਣ ਦੀ ਹੱਕਦਾਰ ਹੈ । | ਜੇਕਰ ਕਰਮਚਾਰੀ ਆਪਣੇ ਪਿਛੇ ਸਿਰਫ ਅਣ ਵਿਆਹੀ, ਵਿਧਵਾ ਜਾਂ ਤਲਾਕ ਸੁਦਾ ਲੜਕੀ ਜਿਹੜੀ ਮ੍ਰਿਤਰਕ ਕਰਮਚਾਰੀ / ਪੈਨਸ਼ਨਰ ਤੇ ਨਿਰਭਰ ਕਰਦੀ ਹੋਵੇ ਅਤੇ ਜਿਸ ਦੀ ਆਪਣੀ ਆਮਦਨ 3500 ਰੁਪਏ ਤੋਂ ਘੱਟ ਹੋਵੇ, ਛੱਡ ਗਿਆ ਹੋਵੇ ਤਾਂ ਉਹ ਲੜਕੀ ਪ੍ਰੀਵਾਰਕ ਪੈਨਸ਼ਨ ਦੀ ਹੱਕਦਾਰ ਹੋਵੇਗੀ । |
| 6.4 | ਪੈਨਸ਼ਨ ਕਮਿਊਟ ਕਰਵਾਣ ਸਬੰਧੀ ਜਾਣਕਾਰੀ ਦਿੱਤੀ ਜਾਵੇ। | ਰਿਟਾਇਰਮੈਂਟ ਤੋਂ ਇੱਕ ਸਾਲ ਦੇ ਅੰਦਰ ਅੰਦਰ ਕੋਈ ਵੀ ਕਰਮਚਾਰੀ ਜੇਕਰ ਲਿਖਤੀ ਰੂਪ ਵਿਚ ਬੇਨਤੀ ਕਰਦਾ ਹੈ |

<table>
<tr><td></td><td></td><td>ਤਾਂ ਉਹ ਆਪਣੀ ਪੈਨਸ਼ਨ ਦਾ 40 % ( ਮਿਤੀ 1.4.2013 ਤੋਂ ਬਾਅਦ 20% ) ਤੱਕ ਹਿੱਸਾ ਬਿਨਾ ਮੈਡੀਕਲ ਕਰਵਾਏ ਕਮਿਊਟ ਕਰਵਾ ਸਕਦਾ ਹੈ। ਇਸ ਤਰਾਂ ਜਿੰਨੀ ਰਕਮ ਉਸ ਵਲੋਂ ਕਮਿਊਟ ਕਰਵਾਈ ਜਾਵੇਗੀ ਉਹ ਰਕਮ ਦੀ ਕਟੌਤੀ ਪੈਨਸ਼ਨ ਵਿਚੋਂ 15 ਸਾਲ ਤੱਕ ਕੀਤੀ ਜਾਵੇਗੀ।<br>। ਰਿਟਾਇਰਮੈਂਟ ਤੋਂ 1 ਸਾਲ ਬਾਅਦ ਪੈਨਸ਼ਨ ਕਮਿਊਟ ਕਰਵਾਣ ਲਈ ਮੈਡੀਕਲ ਫਿਟਨੈਸ ਦੀ ਜਰੂਰਤ ਹੋਵੇਗੀ। ਚੈਪਟਰ 11 ਸੀ.ਐਸ.ਆਰ.ਵਾਲੀਅਮ 2</td></tr>
<tr><td>6.5</td><td>ਪੈਨਸ਼ਨ ਕਮਿਊਟ ਕਰਵਾਣ ਲਈ ਨਵੇਂ ਰੇਟ ਕੀ ਹਨ ਅਤੇ ਕਿਸ ਮਿਤੀ ਤੋਂ ਲਾਗੂ ਹਨ।</td><td>ਪੰਜਾਬ ਸਰਕਾਰ ਵਲੋਂ ਮਿਤੀ 1.4.2013 ਤੋਂ ਪੈਨਸ਼ਨ ਕਮਿਊਟ ਕਰਨ ਦੇ ਰੇਟ 40 % ਤੋਂ ਘੱਟਾ ਕੇ 20 % ਕਰ ਦਿੱਤੇ ਗਏ ਹਨ। ਇਹ ਰੇਟ ਉਨਾਂ ਕਰਮਚਾਰੀਆਂ ਤੇ ਲਾਗੂ ਹੋਣਗੇ ਜ਼ੋ ਕਰਮਚਾਰੀ 1.4.2013 ਨੂੰ ਜਾਂ ਉਸ ਤੋਂ ਬਾਅਦ ਰਿਟਾਇਰ ਹੋਣਗੇ। ਜੇਕਰ ਕਰਮਚਾਰੀ ਇੱਕ ਸਾਲ ਦੇ ਵਾਧੇ ਕਾਰਨ ਮਿਤੀ 1.4.2013 ਤੋਂ ਬਾਅਦ ਰਿਟਾਇਰ ਹੋਣਗੇ ਜਾਂ ਜਿਹੜੇ 1.4.2013 ਤੋਂ ਪਹਿਲਾਂ ਰਿਟਾਇਰ ਹੋ ਚੁੱਕੇ ਹਨ ਪ੍ਰੰਤੂ ਕਮਿਊਟੇਸ਼ਨ ਦੀ ਆਪਸ਼ਨ ਮਿਤੀ 1.4.2013 ਤੋਂ ਬਾਅਦ ਦਿੰਦੇ ਹਨ ਉਨਾਂ ਤੇ ਵੀ ਘਟਿਆ ਰੇਟ ਲਾਗੂ ਹੈ। ਜਿਨ੍ਹਾਂ ਕੇਸਾਂ ਵਿਚ ਚਿੱਠੀ ਜਾਰੀ ਹੋਣ ਤੋਂ ਪਹਿਲਾਂ ਕਮਿਊਟੇਸ਼ਨ ਮੰਜੂਰ ਹੋ ਚੁੱਕੀ ਹੈ ਪ੍ਰੰਤੂ ਰਿਟਾਇਰਮੈਂਟ ਮਿਤੀ 1.4.2013 ਤੋਂ ਬਾਅਦ ਹੈ ਉਨਾਂ ਤੇ ਵੀ ਘਟਿਆ ਰੇਟ ਲਾਗੂ ਹੈ । ਪੱਤਰ ਨੰਬਰ 3/30/2012-3ਐਫ.ਪੀ.ਪੀ.ਸੀ./562 ਮਿਤੀ 1.4.2013</td></tr>
<tr><td>6.6</td><td>ਪ੍ਰੀਵਾਰਕ ਪੈਨਸ਼ਨ ਦੇ ਰੇਟ ਕੀ ਹਨ। ਵਧ ਰੇਟ ਵਾਲੀ ਪ੍ਰੀਵਾਰਕ ਪੈਨਸ਼ਨ ਕਿਨੀ ਦੇਰ ਤੱਕ ਲਾਗੂ ਰਹੇਗੀ ।</td><td><table><tr><td>ਤਨਖਾਹ</td><td>ਵਧ ਰੇਟ</td><td>ਨਾਰਮਲ ਰੇਟ</td></tr><tr><td>0-10000</td><td>60 %</td><td>40 %</td></tr><tr><td>10,000 ਤੋ ਵਧ</td><td>50 % (6000)</td><td>30 % (4000)</td></tr></table>1. ਵਧਿਆ ਹੋਇਆ ਰੇਟ ਕਰਮਚਾਰੀ ਦੀ ਮੌਤ ਤੋਂ ਪਹਿਲੇ 7 ਸਾਲ ਤੱਕ ਜਾਂ ਜਿਸ ਦਿਨ ਮ੍ਰਿਤਰਕ ਦੀ ਉਮਰ ਰਿਟਾਇਰਮੈਂਟ ਦੀ ਨਹੀਂ ਹੋ ਜਾਂਦੀ ਉਨ. ਦੇਰ ਤੱਕ ਵਧ ਰੇਟ ਉਸ ਤੋਂ ਬਾਅਦ ਨਾਰਮਲ ਰੇਟ ਵਾਲੀ ਪ੍ਰੀਵਾਰਕ ਪੈਨਸ਼ਨ ਮਿਲੇਗੀ ।<br>2. ਪਤਰ ਨੰਬਰ 3/39/09-3ਐਫ.ਪੀ.ਪੀ.ਸੀ./944 ਮਿਤੀ 25.7.2011 ਅਨੁਸਾਰ ਮਿਤੀ 1.7.2011 ਤੋਂ ਵਧ ਰੇਟ 10 ਸਾਲ ਤੱਕ ਜਾਂ ਰਿਟਾਇਰਮੈਂਟ ਦੀ ਉਮਰ ਤੱਕ ਕਰ ਦਿੰਤਾ ਗਿਆ<br>3. ਪੱਤਰ ਨੰਬਰ 1413 ਮਿਤੀ 23.12.2011 ਰਾਹੀਂ ਮਿਤੀ 1.12.11 ਤੋਂ ਵਧ ਰੇਟ ਵਾਲੀ ਪੈਨਸ਼ਨ 15 ਸਾਲ ਤੱਕ ਜਾਂ 65 ਸਾਲ ਦੀ ਉਮਰ ਤੱਕ ਲਾਗੂ ਰਹੇਗੀ। ਪ੍ਰੀਵਾਰਕ ਪੈਨਸ਼ਨ ਲਈ ਤਨਖਾਹ 77000 ਤੋਂ ਵਧ ਨਹੀਂ ਗਿਣੀ ਜਾਵੇਗੀ ।</td></tr>
<tr><td>6.7</td><td>ਪੈਨਸ਼ਨਰ ਨੂੰ old age allowance ਦੇ ਰੇਟ ਦਸੇ ਜਾਣ</td><td>ਉਮਰ 65-70 = 5 %,70-75= 10 %, 75-80=15%, 80-85= 25%, 85-90=35 %, 90-95 = 45 % 95-100 = 55 % ਉਮਰ 100 ਤੋਂ ਉਪਰ 100 % ਇਹ ਰੇਟ 1.12.11 ਤੋਂ ਲਾਗੂ ਹਨ ।3/23/09-3FPPC/1402, dated: 22.12.2011</td></tr>
<tr><td>6.8</td><td>ਮਿਤੀ 1.1.2006 ਤੋਂ ਪਹਿਲਾਂ ਰਿਟਾਇਰ ਹੋ ਚੁੱਕੇ ਕੇਸਾਂ ਵਿਚ ਪੈਨਸ਼ਨ / ਪ੍ਰੀਵਾਰਕ ਪੈਨਸ਼ਨ ਪੰਜਾਬ ਸਰਕਾਰ ਵਲੋਂ ਪੱਤਰ ਨੰਬਰ . 3/39/09-3FPPC/201 Dated: 22.02.2010. ਰਾਹੀਂ ਮਿਤੀ 1.1.2006 ਨੂੰ ਰਵਾਈਜਡ ਸਕੇਲ ਦੇ ਘੱਟੋ ਘੱਟ ਤਨਖਾਹ ਦੇ ਅਧਾਰ ਤੇ ਫਿਕਸ ਕਰਨ ਲਈ ਹਦਾਇਤ ਕੀਤੀ ਸੀ । ਕੁੱਝ ਕੇਸਾਂ ਵਿਚ ਤਨਖਾਹ ਸਕੇਲ ਦੁਬਾਰਾ ਸੋਧ ਕੀਤੀ ਗਈ ਹੈ ਕੀ ਉਨਾਂ ਕੇਸਾਂ ਵਿਚ ਵੀ ਇਹ ਪੱਤਰ ਲਾਗੂ ਹੈ ਅਤੇ ਘੱਟੋ ਘੱਟ ਸਕੇਲ ਨੂੰ ਧਿਆਨ ਵਿਚ ਰਖ ਕੇ ਦੁਬਾਰਾ ਪੈਨਸ਼ਨ / ਪ੍ਰੀਵਾਰਕ ਪੈਨਸ਼ਨ ਨਿਰਧਾਰਤ ਕੀਤੀ ਜਾਣੀ ਹੈ।</td><td>ਪੰਜਾਬ ਸਰਕਾਰ ਵਲੋਂ ਪੱਤਰ ਨੰਬਰ 3/39/09-3FPPC/576, dated: 13.06.2012 ਰਾਹੀਂ ਸਪੱਸ਼ਟੀਕਰਨ ਜਾਰੀ ਕੀਤਾ ਹੈ ਕਿ ਜਿਨ੍ਹਾਂ ਕੇਸਾਂ ਵਿਚ ਮਿਤੀ 1.1.2006 ਤੋਂ ਬਾਅਦ ਦੀ ਮਿਤੀ ਤੋਂ ਤਨਖਾਹ ਸਕੇਲ ਦੁਬਾਰਾ ਸੋਧੇ ਗਏ ਹਨ ਉਨਾਂ ਕੇਸਾਂ ਵਿਚ ਪੱਤਰ ਮਿਤੀ 22.02.2010 ਲਾਗੂ ਨਹੀਂ ਹੈ ।</td></tr>
</table>

| | | |
|---|---|---|
| 6.9 | ਪ੍ਰੀਵਾਰਕ ਪੈਨਸ਼ਨ ਲੈਣ ਵਾਲਿਆਂ ਨੂੰ ਸਰਕਾਰ ਵਲੋਂ ਐਲ.ਟੀ.ਸੀ. ਦੇਣ ਸਬੰਧੀ ਹਦਾਇਤਾਂ ਬਾਰੇ ਜਾਣੂ ਕਰਵਾਇਆ ਜਾਵੇ । | ਪੰਜਾਬ ਸਰਕਾਰ ਵਲੋਂ ਪੱਤਰ ਰਾਹੀਂ ਪ੍ਰੀਵਾਰਕ ਪੈਨਸ਼ਨ ਲੈਣ ਵਾਲਿਆਂ ਨੂੰ ਵੀ ਐਲ.ਟੀ.ਸੀ. ਦੀ ਸੁਵਿਧਾ ਦਿੱਤੀ ਹੈ। ਜਿਨਾਂ ਕੇਸਾਂ ਵਿਚ ਪ੍ਰੀਵਾਰਕ ਪੈਨਸ਼ਨ ਮਿਤੀ 1.1.2010 ਤੋਂ ਪਹਿਲਾਂ ਤੋਂ ਲਾਗੂ ਹੈ ਉਨਾਂ ਕੇਸਾਂ ਵਿਚ ਮਿਤੀ 1.1.2010 ਤੋਂ 2 ਸਾਲ ਗਿਣਦੇ ਹੋਏ ਮਿਤੀ 1.1.2012 ਨੂੰ ਐਲ.ਟੀ.ਸੀ. ਦਿੱਤਾ ਜਾਣਾ ਹੈ । ਜਿਹੜੇ ਕੇਸਾਂ ਵਿਚ ਪ੍ਰੀਵਾਰਕ ਪੈਨਸ਼ਨ ਮਿਤੀ 1.1.2010 ਤੋਂ ਬਾਅਦ ਲਾਗੂ ਹੋਈ ਹੈ ਉਨਾਂ ਐਲ.ਟੀ.ਸੀ. ਦੇਣ ਲਈ ਬਲਾਕ ਦਾ ਸਮਾਂ ਉਸੇ ਤਰਾਂ ਹੀ ਗਿਣਿਆ ਜਾਣਾ ਹੈ ਜਿਵੇ ਰਿਟਾਇਰੀ ਦੇ ਕੇਸ ਵਿਚ ਗਿਣਿਆ ਜਾਂਦਾ ਹੈ । |
| 6.10 | ਸੇਵਾ ਦੌਰਾਨ ਕਰਮਚਾਰੀ ਦੀ ਮੌਤ ਹੋਣ ਉਪਰੰਤ ਕਰਮਚਾਰੀਆਂ ਦੇ ਪੜ ਰਹੇ ਬਚਿਆਂ ਦੀ ਟਿਊਸ਼ਨ ਸਰਕਾਰ ਵਲੋਂ ਦਿੱਤੀ ਜਾਂਦੀ ਹੈ। ਇਸ ਬਾਰੇ ਹਦਾਇਤਾਂ ਤੋਂ ਜਾਣੂ ਕਰਵਾਇਆ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ **462-6 ( ਐਫ.ਆਰ) 70/12752, ਮਿਤੀ 15.06.1970 ਅਨੁਸਾਰ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਬਚਿਆਂ ਨੂੰ ਮੁਫਤ ਪੜਾਈ ਦੀ ਸਹੂਲਤ ਦਿੱਤੀ ਗਈ ਸੀ । ਇਸ ਸਬੰਧੀ ਪੰਜਾਬ ਸਰਕਾਰ ਵਲੋਂ ਹੇਠ ਅਨੁਸਾਰ ਸਪੱਸ਼ਟੀਕਰਨ ਦਿੱਤਾ ਗਿਆ ਹੈ :**<br>**ਮ੍ਰਿਤਕ ਸਰਕਾਰੀ ਕਰਮਚਾਰੀਆਂ ਦੇ ਬਚਿਆਂ ਨੂੰ ਮੁਫਤ ਸਿਖਿਆ ਪ੍ਰਦਾਨ ਕਰਨ ਦੀਆਂ ਸਹੂਲਤਾਂ ਲਈ ਉਤਪੰਨ ਹੋਣ ਵਾਲੀਆਂ ਪ੍ਰਬੰਧਕੀ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਟਿਊਸ਼ਨ ਫੀਸ ਦੀ ਪ੍ਰਤੀਪੂਰਤੀ ਦੇ ਪ੍ਰੋਸੈਸ ਨੂੰ ਛੇਤੀ ਨਿਪਟਾਉਣ ਲਈ ਸਬੰਧਤ ਨਿਯੁਕਤੀ ਅਧਿਕਾਰੀ ਆਪਣੀਆਂ ਸ਼ਕਤੀਆਂ ਆਪਣੇ ਅਧੀਨ ਕੰਮ ਕਰਨ ਵਾਲੇ ਕਿਸੇ ਗਰੁਪ-ਏ(ਕਲਾਸ-1) ਅਫਸਰ ਨੂੰ ਦੇ ਸਕਦੇ ਹਨ। ਇਸ ਸਬੰਧੀ ਪਹਿਲਾਂ ਵੀ ਪੱਤਰ ਨੰਬਰ 2968-ਐਸ99-(3)-73/17550 ਮਿਤੀ 11.06.1973 ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।**<br>**ਨੰਬਰ 21/48/2009-3 ਐਫ.ਪੀ.2/169 ਮਿਤੀ 5.5.2011** |
| 6.11 | ਮਿਲਟਰੀ ਸੇਵਾ ਦਾ ਲਾਭ ਤਨਖਾਹ ਅਤੇ ਪੈਨਸ਼ਨ ਵੱਲ ਗਿਣੇ ਜਾਣ ਸਬੰਧੀ ਜੇਕਰ ਕੋਈ ਨਵੀਆਂ ਹਦਾਇਤਾਂ ਹੋਣ ਤਾਂ ਜਾਣੂੰ ਕਰਵਾਇਆ ਜਾਵੇ । | ਪੰਜਾਬ ਸਰਕਾਰ ਦੇ ਨੋਟੀਫੀਕੇਸ਼ਨ No. G. S.R.20/Constl Arts.309, 234 and 318/Amd(9)/2012.- ਮਿਤੀ 10.4.2012 ਰਾਹੀਂ ਜਾਰੀ ਸੋਧਾਂ ਅਨੁਸਾਰ ਮਿਲਟਰੀ ਵਿਚ ਕੀਤੀ ਗਈ ਸ਼ਾਰਟ ਸਰਵਿਸ ਦਾ ਲਾਭ ਪੰਜਾਬ ਵਿਚ ਭਰਤੀ ਹੋਣ ਤੇ ਸਾਲਾਨਾ ਤਰੱਕੀ ਅਤੇ ਪੈਨਸ਼ਨ ਵੱਲ ਗਿਣਿਆ ਜਾਵੇਗਾ। ਮਿਲਟਰੀ ਸੇਵਾ ਬਦਲੇ ਪ੍ਰਾਪਤ ਕੀਤੀ ਗਰੈਚੁਟੀ ਰਿਟਾਇਰਮੈਂਟ ਲਾਭਾਂ ਵਿਚ ਅਡਜਸਟ ਕੀਤੀ ਜਾਵੇਗੀ। ਇਹ ਲਾਭ ਨੋਸ਼ਨਲ ਅਧਾਰ ਤੇ ਮਿਤੀ 1.1.12 ਤੋਂ ਦੇਣ ਯੋਗ ਹਨ । |
| 6.12 | ਕਰਮਚਾਰੀ ਦੀ ਸੇਵਾ ਵਿਚ ਆਈ ਬਰੇਕ ਕਿਹੜੇ ਕਿਹੜੇ ਕੇਸਾਂ ਵਿਚ condonable Limit ਵਿਚ ਹੈ । | ਰੂਲ 4.23 ਸਿਵਲ ਸਰਵਿਸ ਰੂਲਜ ਵਾਲੀਅਮ 2 ਵਿਚ ਪੰਜਾਬ ਸਰਕਾਰ ਦੀ ਨੋਟੀਫੀਕੇਸ਼ਨ ਨੰਬਰ 3.2(13)FCD-81/13934, Dated 26th September 1985 ਰਾਹੀ ਸੋਧ ਕੀਤੀ ਗਈ ਸੀ ਜਿਹੜੀ ਕਿ 1.1.77 ਤੋਂ ਲਾਗੂ ਸੀ। ਇਸ ਸੋਧ ਅਨੁਸਾਰ ਜੇਕਰ ਸੇਵਾ ਵਿਚ ਬਰੇਕ ਅਸਤੀਫਾ ਦੇਣ ਕਾਰਨ, ਹੜਤਾਲ ਕਾਰਨ ਜਾਂ ਡਿਸਮਿਸਲ ਰਿਮੂਵਲ ਕਾਰਨ ਨਹੀਂ ਆਈ ਤਾਂ ਬਰੇਕ ਆਪਣੇ ਆਪ condone ਸਮਝੀ ਜਾਵੇਗੀ ਅਤੇ ਬਰੇਕ ਤੋਂ ਪਹਿਲਾਂ ਦਾ ਸਮਾਂ ਪੈਨਸ਼ਨ ਲਈ ਡਿਊਟੀ ਮੰਨਿਆ ਜਾਵੇਗਾ । |
| 6.13 | ਪ੍ਰੀ-ਮਚਿਓਰ ਰਿਟਾਇਰਮੈਂਟ ਲੈਣ ਲਈ ਕੀ ਸ਼ਰਤਾਂ ਹਨ। | ਅਪੈਂਡਿਕਸ 22 ਸੀ.ਐਸ.ਆਰ. ਵਾਲੀਅਮ-1 ਪਾਰਟ-2 ਦੇ ਰੂਲ 3(2) ਅਧੀਨ ਕਰਮਚਾਰੀ 25 ਸਾਲ ਦੀ ਸੇਵਾ ਉਪਰੰਤ ਜਾਂ ਜਦੋਂ ਉਸ ਦੀ ਉਮਰ 50 ਸਾਲ ਦੀ ਹੁੰਦੀ ਹੋਵੇ ਉਹ 3 ਮਹੀਨੇ ਦਾ ਨੋਟਿਸ ਦੇ ਕੇ ਪ੍ਰੀ-ਮਚਿਓਰ ਰਿਟਾਇਰਮੈਂਟ ਲੈ ਸਕਦਾ ਹੈ। ਰੂਲ 3(3) ਅਧੀਨ 20 ਸਾਲ ਦੀ ਸੇਵਾ ਉਪਰੰਤ ਸਵੈ ਇਛੱਕ ਰਿਟਾਇਰਮੈਂਟ ਲੈਣ ਲਈ ਵੀ ਤਿੰਨ ਮਹੀਨੇ ਦਾ ਨੋਟਿਸ ਜ਼ਰੂਰੀ ਹੈ। |
| 6.13 | ਕੀ ਪ੍ਰੀ-ਮਚਿਓਰ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਤੋ ਘੱਟ ਦਾ ਨੋਟਿਸ ਦਿੱਤਾ ਜਾ ਸਕਦਾ ਹੈ ? | ਅਪੈਂਡਿਕਸ 22 ਸੀ.ਐਸ.ਆਰ. ਵਾਲੀਅਮ-1 ਪਾਰਟ-2 ਦੇ ਰੂਲ 3(4) ਨੋਟ 1 ਅਧੀਨ ਕਰਮਚਾਰੀ ਕਾਰਨ ਦੱਸ ਕੇ 3 ਮਹੀਨੇ ਤੋਂ ਘੱਟ ਦਾ ਨੋਟਿਸ ਦੇ ਕੇ ਰਿਟਾਇਰਮੈਂਟ ਦੀ ਮੰਗ ਕਰ ਸਕਦਾ ਹੈ ਅਤੇ ਸਮਰਥ ਅਧਿਕਾਰੀ ਜੇਕਰ ਚਾਹੇ |

| | | |
|---|---|---|
| | | ਤਾਂ ਤਿੰਨ ਮਹੀਨੇ ਤੋਂ ਘੱਟ ਦਾ ਨੋਟਿਸ ਪ੍ਰਵਾਨ ਕਰਕੇ ਵੀ ਰਿਟਾਇਰਮੈਂਟ ਦੀ ਮੰਜੂਰੀ ਦੇ ਸਕਦੀ ਹੈ। ਜੇਕਰ ਇਸ ਨਿਯਮ ਤਹਿਤ 3 ਮਹੀਨੇ ਦੇ ਨੋਟਿਸ ਦੀ ਛੋਟ ਦੇ ਕੇ ਰਿਟਾਇਰਮੈਂਟ ਦੀ ਮੰਜੂਰੀ ਦਿੱਤੀ ਜਾਂਦੀ ਹੈ ਤਾਂ ਘਟ ਕੀਤੇ ਗਏ ਨੋਟਿਸ ਦੇ ਸਮੇਂ ਦੌਰਾਨ ਪੈਨਸ਼ਨ ਕਮਿਊਟ ਨਹੀਂ ਕਰਵਾਈ ਜਾ ਸਕਦੀ । |
| 6.14 | ਕਰਮਚਾਰੀ ਵਲੋਂ ਸਵੈ ਇਛੱਕ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਗਿਆ ਸੀ ਪ੍ਰੰਤੂ ਤਿੰਨ ਮਹੀਨੇ ਤੱਕ ਉਸ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ। ਇਸ ਕੇਸ ਵਿਚ ਦਫਤਰ ਦੇ ਮੁਖੀ ਨੂੰ ਕੀ ਕਰਨਾ ਚਾਹੀਦਾ ਹੈ । | ਪ੍ਰੀ-ਮਚਿਓਰ ਰਿਟਾਇਰਮੈਂਟ ਰੂਲਜ 1975 ( ਅਪੈਂਡਿੰਕਸ 22) ਦੇ ਰੂਲ 3(3)(ਸੀ) ਅਨੁਸਾਰ ਜੇਕਰ ਤਿੰਨ ਮਹੀਨੇ ਦੌਰਾਨ ਕੋਈ ਵੀ ਸੂਚਨਾਂ ਸਮਰਥ ਅਧਿਕਾਰੀ ਵਲੋਂ ਪ੍ਰਾਪਤ ਨਹੀਂ ਹੁੰਦੀ ਤਾਂ ਤਿੰਨ ਮਹੀਨੇ ਦਾ ਨੋਟਿਸ ਪੂਰਾ ਹੋਣ ਉਪਰੰਤ ਰਿਟਾਇਰਮੈਂਟ ਲਾਗੂ ਹੋ ਜਾਵੇਗੀ । |
| 6.15 | ਕੀ ਪ੍ਰੀ-ਮਚਿਓਰ ਰਿਟਾਇਰਮੈਂਟ ਲੈਣ ਤੇ ਕਿਨਾ ਵਾਧੂ ਸੇਵਾ ਦਾ ਲਾਭ ਮਿਲਦਾ ਹੈ। | ਪ੍ਰੀ-ਮਚਿਓਰ ਰਿਟਾਇਰਮੈਂਟ ਰੂਲਜ 1975 ( ਅਪੈਂਡਿੰਕਸ 22) ਦੇ ਰੂਲ 3(4) 2 ਅਧੀਨ ਇਸ ਤਰਾਂ ਦੇ ਕੇਸ ਵਿਚ 5 ਸਾਲ ਤੱਕ ਜਾਂ ਜਿੰਨੀ ਬਾਕੀ ਸੇਵਾ ਰਹਿੰਦੀ ਹੋਵੇ, ਦਾ ਲਾਭ ਪੈਨਸ਼ਨ ਅਤੇ ਗਰੇਚੂਟੀ ਲਈ ਛਿਮਾਹੀਆਂ ਸੇਵਾ ਗਿਣਨ ਵਲ ਦਿੱਤਾ ਜਾਵੇਗਾ। |
| | **ਨਵੀਂ ਪੈਨਸ਼ਨ ਸਕੀਮ** | |
| 7.1 | ਨਵੀ ਪੈਨਸ਼ਨ ਸਕੀਮ ਦੇ ਕਰਮਚਾਰੀ ਦੀ ਮੋਤ ਹੋਣ ਉਪਰੰਤ ਉਸ ਦੇ ਪ੍ਰੀਵਾਰ ਨੂੰ ਮਿਲਣ ਵਾਲੀ ਰਾਸੀ ਕਿਵੇ ਪ੍ਰਾਪਤ ਕੀਤੀ ਜਾ ਸਕਦੀ ਹੈ। ਕੀ ਇਸ ਕੇਸ ਵਿਚ ਐਕਸ ਗਰੇਸੀਆ ਗਰਾਂਟ ਮਿਲਣ ਯੋਗ ਹੋਵੇਗੀ ? | ਮਿਤ੍ਰਕ ਕਰਮਚਾਰੀ ਦੇ ਪ੍ਰੀਵਾਰ ਦੇ ਮੈਂਬਰ ਜਿਸ ਦੇ ਨਾਂ ਤੇ ਨੋਮੀਨੇਸ਼ਨ ਭਰੀ ਹੋਈ ਹੈ ਵਲੋਂ Exit form ਭਰਿਆ ਜਾਵੇਗਾ ਅਤੇ ਇਹ ਫਾਰਮ ਦਫਤਰ ਵਲੋ ਡਿਪਟੀ ਡਾਇਰੈਕਟਰ, ਨਵੀ ਪੈਨਸ਼ਨ ਸਕੀਮ ਵਣ ਭਵਨ ਅਜੀਤਗੜ ਵਿਖੇ ਭੇਜਿਆ ਜਾਵੇਗਾ ।ਇਸ ਕੇਸ ਵਿਚ ਐਕਸ ਗਰੇਸੀਆ ਗਰਾਂਟ ਮਿਲਣ ਯੋਗ ਨਹੀ ਹੋਵੇਗੀ । |
| 7.2 | ਦਿਹਾੜੀਦਾਰ ਅਤੇ ਵਰਕਚਾਰਜ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਤੋਂ ਬਾਅਦ ਪਹਿਲਾਂ ਕੀਤੀ ਦਿਹਾੜੀਦਾਰ / ਵਰਕਚਾਰਜ ਸੇਵਾ ਪੈਨਸ਼ਨ ਲਈ ਗਿਣੀ ਜਾਵੇਗੀ । | ਇਸ ਸਬੰਧੀ ਪੰਜਾਬ ਸਰਕਾਰ ਨੇ **ਨੰ: 3/14/2011-3ਵਿਪਪਤ/154, ਮਿਤੀ: 23.02.2012 ਰਾਹੀਂ ਅਗਵਾਈ ਲੀਹਾਂ ਜਾਰੀ ਕੀਤੀਆਂ ਹਨ ਜਿਸ ਅਨੁਸਾਰ ਜਿਹੜੇ ਕਰਮਚਾਰੀਆਂ ਦੀਆਂ ਸੇਵਾਵਾਂ ਮਿਤੀ 1.1.2004 ਤੋਂ ਪਹਿਲਾਂ ਦੀ ਮਿਤੀ ਤੋਂ ਰੈਗੂਲਰ ਕੀਤੀਆਂ ਗਈਆਂ ਹਨ ਉਨਾਂ ਕੇਸਾਂ ਵਿਚ ਦਿਹਾੜੀਦਾਰ / ਵਰਕਚਾਰਜ ਸੇਵਾ ਗਿਣੀ ਜਾਵੇਗੀ। ਜਿਨ੍ਹਾਂ ਕੇਸਾਂ ਵਿਚ ਸੇਵਾਵਾਂ ਮਿਤੀ 1.1.2004 ਤੋਂ ਬਾਅਦ ਦੀ ਮਿਤੀ ਤੋਂ ਰੈਗੂਲਰ ਕੀਤੀਆਂ ਹਨ ਉਨਾਂ ਕੇਸਾਂ ਵਿਚ ਨਵੀ ਪੈਨਸ਼ਨ ਸਕੀਮ ਲਾਗੂ ਹੋਵੇਗੀ ਅਤੇ ਪਿਛਲੀ ਸੇਵਾ ਪੈਨਸ਼ਨ ਲਈ ਨਹੀਂ ਗਿਣੀ ਜਾਵੇਗੀ ।** |
| 7.3 | ਮਿਤੀ 1.1.2004 ਤੋਂ ਬਾਅਦ ਭਰਤੀ ਹੋਣ ਵਾਲੇ ਕਰਮਚਾਰੀਆਂ ਦੇ ਕੇਸਾਂ ਵਿਚ ਬਹੁਤ ਸਾਰੇ ਵਿਭਾਗਾਂ ਵਲੋਂ ਜੀ.ਪੀ.ਫੰਡ ਦੀ ਕਟੌਤੀ ਸੁਰੂ ਕਰ ਦਿੱਤੀ ਸੀ ਜਦ ਕਿ ਨਵੀ ਪੈਨਸ਼ਨ ਸਕੀਮ ਤਹਿਤ ਕਰਮਚਾਰੀ ਦੀ ਜੀ.ਪੀ.ਫੰਡ ਦੀ ਕਟੌਤੀ ਨਹੀਂ ਕੀਤੀ ਜਾਣੀ ਸੀ।ਅਜਿਹੇ ਕੇਸਾਂ ਵਿਚ ਕੀਤੀ ਜਾਣ ਵਾਲੀ ਕਾਰਵਾਈ ਤੋਂ ਜਾਣੂੰ ਕਰਵਾਇਆ ਜਾਵੇ । | ਪੰਜਾਬ ਸਰਕਾਰ ਵਲੋਂ ਪੱਤਰ ਨੰਬਰ **3/72/2003-3ਵਿਪਪਤ/5913 ਮਿਤੀ: 10.09.2007 ਰਾਹੀਂ ਜਾਰੀ ਸਪੱਸ਼ਟੀਕਰਨ ਅਨੁਸਾਰ ਇਨਾਂ ਕੇਸਾਂ ਵਿਚ ਜੀ.ਪੀ.ਫੰਡ ਦੀ ਕਟੌਤੀ ਸਮੇਤ ਵਿਆਜ ਵਾਪਸ ਕਰ ਦਿੱਤੀ ਜਾਵੇ ।** |
| 7.4 | ਪੰਜਾਬ ਸਰਕਾਰ ਦੇ ਕਰਮਚਾਰੀ ਇੱਕ ਵਿਭਾਗ ਵਿਚ ਨੌਕਰੀ ਕਰਦੇ ਸਮੇਂ ਮਿਤੀ 1.1.2004 ਤੋਂ ਬਾਅਦ ਯੋਗ ਪ੍ਰਣਾਲੀ ਰਾਹੀਂ ਅਪਲਾਈ ਕਰਨ ਉਪਰੰਤ ਪਿਛਲੇ ਵਿਭਾਗ ਵਿਚੋ ਅਸਤੀਫਾ ਦੇ ਕੇ ਪੰਜਾਬ ਸਰਕਾਰ ਦੀ ਨਵੀ ਅਸਾਮੀ ਤੇ ਨੌਕਰੀ ਪ੍ਰਾਪਤ ਕਰ ਲੈਦੇ ਹਨ ਉਨਾਂ ਤੇ ਪੁਰਾਨੀ ਪੈਨਸ਼ਨ ਸਕੀਮ ਲਾਗੂ ਹੋਵੇਗੀ ਜਾਂ ਫਿਰ ਨਵੀ ਪੈਨਸ਼ਨ ਸਕੀਮ । | **ਪੰਜਾਬ ਸਰਕਾਰ ਦੇ ਪੱਤਰ ਨੰਬਰ 6/10/2008-6ਵਿਪਪਤ/723 ਮਿਤੀ: 24.10.2008 ਰਾਹੀਂ ਜਾਰੀ ਅਗਵਾਈ ਲੀਹਾਂ ਅਨੁਸਾਰ ਜੇਕਰ ਕੋਈ ਕਰਮਚਾਰੀ ਪੰਜਾਬ ਸਰਕਾਰ ਵਿਚ ਕਿਸੇ ਵਿਭਾਗ ਵਿਚ ਪੁਰਾਨੀ ਪੈਨਸ਼ਨ ਸਕੀਮ ਅਧੀਨ ਕੰਮ ਕਰਦੇ ਹੋਏ ਤਕਨੀਕੀ ਅਸਤੀਫਾ ਦੇ ਕੇ ਪੰਜਾਬ ਸਰਕਾਰ ਦੇ ਕਿਸੇ ਹੋਰ ਵਿਭਾਗ ਵਿਚ 1.1.2004 ਤੋਂ ਬਾਅਦ ਚਲਾ ਜਾਂਦਾ ਹੈ ਤਾਂ ਉਸ ਤੇ ਪੁਰਾਨੀ ਪੈਨਸ਼ਨ ਸਕੀਮ ਹੀ ਲਾਗੂ ਰਹੇਗੀ ।** |
| 7.5 | ਕੇਂਦਰ ਸਰਕਾਰ ਜਾਂ ਕਿਸੇ ਹੋਰ ਰਾਜ ਵਿਚ ਪੁਰਾਨੀ ਸਕੀਮ ਵਿਚ ਕੰਮ ਕਰਦਾ ਹੋਇਆ ਕਰਮਚਾਰੀ ਤਕਨੀਕੀ ਅਸਤੀਫਾ ਦੇ ਕੇ ਪੰਜਾਬ ਸਰਕਾਰ ਵਿਚ ਮਿਤੀ 1.1.2004 ਤੋਂ ਬਾਅਦ ਭਰਤੀ ਹੋਣ ਤੇ ਨਵੀਂ ਪੈਨਸ਼ਨ ਸਕੀਮ ਲਾਗੂ ਰਹੇਗੀ ਜਾਂ ਪੁਰਾਨੀ | **ਪੰਜਾਬ ਸਰਕਾਰ ਦੇ ਪੱਤਰ ਨੰ: 6/10/2008-6ਵਿਪਪਤ/970, ਮਿਤੀ: 17.08.2010 ਅਨੁਸਾਰ ਇਨ੍ਹਾਂ ਕੇਸਾਂ ਵਿਚ ਵੀ ਪੁਰਾਨੀ ਪੈਨਸ਼ਨ ਸਕੀਮ ਲਾਗੂ ਰਹੇਗੀ ਬਸਰਤੇ ਸਬੰਧਤ ਸਰਕਾਰ ਪੈਨਸ਼ਨ ਦੀ ਲਾਇਬਲਟੀ ਦੇਣ ਲਈ ਤਿਆਰ ਹੋਵੇ।** |

| | | |
|---|---|---|
| 7.6 | ਨਵੀ ਪੈਨਸ਼ਨ ਸਕੀਮ ਵਿਚ ਭਰਤੀ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਪੁਰਾਨੀ ਸਕੀਮ ਦੇ ਮੁਕਾਬਲੇ ਨਵੇ ਲਾਭ ਕਿਹੜੇ ਕਿਹੜੇ ਮਿਲਣ ਯੋਗ ਹਨ ਅਤੇ ਕਿਹੜੇ ਨਾਂ ਮਿਲਣ ਯੋਗ ਹਨ ।ਰਿਟਾਇਰਮੈਂਟ ਜਾਂ ਅਸਤੀਫਾ ਦੇਣ ਵਾਲੇ ਕੇਸਾਂ ਵਿਚ ਵੀ ਅੰਸਦਾਨ ਦੀ ਅਦਾਇਗੀ ਬਾਰੇ ਜਾਣਕਾਰੀ ਦਿੱਤੀ ਜਾਵੇ। | **ਮਿਤੀ 1.1.2004 ਤੋਂ ਬਾਅਦ ਭਰਤੀ ਹੋਏ ਕਰਮਚਾਰੀ ਦੀ ਮੌਤ ਹੋ ਚੁਕੀ ਹੈ ਜਾਂ ਉਹ ਰਿਟਾਇਰ ਹੋ ਚੁੱਕਾ ਹੈ ਜਾਂ ਅਸਤੀਫਾ ਦੇ ਚੁੱਕਾ ਹੈ ਅਤੇ ਉਸ ਦੇ ਪੈਨਸ਼ਨ ਫੰਡ ਸਰਕਾਰ ਪਾਸ ਜਮਾਂ ਹਨ ਅਤੇ ਅੱਗੇ ਨਿਵੇਸ਼ ਨਹੀਂ ਕੀਤੇ ਗਏ ਤਾਂ ਉਸ ਦੇ ਫੰਡ ਸਮੇਤ ਮੈਚਿੰਗ ਗਰਾਂਟ ਅਤੇ ਸਮੇਤ ਵਿਆਜ ਉਸ ਨੂੰ /ਮੌਤ ਦੇ ਕੇਸ ਵਿਚ ਉਸ ਵਲੋਂ ਨੋਮੀਨੇਟ ਕੀਤੇ ਗਏ ਪ੍ਰੀਵਾਰ ਦੇ ਮੈਂਬਰ ਨੂੰ ਦੇਣ ਯੋਗ ਹਨ । ਜਿਹੜੇ ਕਰਮਚਾਰੀ ਪੁਰਾਨੀ ਸਕੀਮ ਵਿਚ ਚਲੇ ਗਏ ਹਨ ਉਸ ਦੀ ਤਨਖਾਹ ਵਿਚੋਂ ਕਟੀ ਅੰਸਦਾਨ ਦੀ ਰਾਸੀ ਉਸ ਨੂੰ ਵਾਪਸ ਕਰ ਦਿੱਤੀ ਜਾਵੇਗੀ ।ਪੱਤਰ ਨੰਬਰ 2/48/2007-2/6 ਵਿਪਪਤ/761 ਮਿਤੀ 26.6.2011**<br>**ਮੌਤ ਦੇ ਕੇਸ ਵਿਹ ਐਕਸਗਰੇਸੀਆ, ਜਾਂ ਗਰੈਚੁਟੀ ਜਾਂ ਪ੍ਰੀਵਾਰਕ ਪੈਨਸ਼ਨ ਦੇਣ ਯੋਗ ਨਹੀਂ ।** |
| | | |
| 8.1 | ਸਵੈ ਇਛੱਕ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਦੇ ਨੋਟਿਸ ਦੌਰਾਨ ਕੋਈ ਕਰਮਚਾਰੀ ਛੁਟੀ ਲੈ ਸਕਦਾ ਹੈ ? | ਜੀ ਹਾਂ। ਪੰਜਾਬ ਸਰਕਾਰ, ਦੇ ਪੱਤਰ ਨੰਬਰ 16/16/79-3 ਪੀ.ਪੀ./381 ਮਿਤੀ 15.01.1980 ( ਵਿੱਤੀ ਮੈਨੁਅਲ ਪਾਰਟ 1 ਪੰਨਾ 874-76 ) ਅਨੁਸਾਰ ਨੋਟਿਸ ਸਮੇਂ ਦੌਰਾਨ ਬਣਦੀ ਛੁਟੀ ਲੀਤੀ ਜਾ ਸਕਦੀ ਹੈ । |
| 8.2 | ਕਰਮਚਾਰੀ ਨੂੰ ਸ਼ਾਰਟ ਲੀਵ ਦੇਣ ਸਬੰਧੀ<br>ਕੀ ਪ੍ਰੋਸੀਜਰ ਹੈ ? | ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਦੇ ਪੱਤਰ ਨੰਬਰ 4295-4 ਜੀ.ਐਸ(11)65/27841 ਮਿਤੀ 09.08.1965 (ਸੇਵਾ ਮੈਨੁਅਲ ਪੰਨਾ 372) ਅਨੁਸਾਰ ਇੱਕ ਦਿਨ ਵਿਚ ਦੋ ਘੰਟੇ ਤੱਕ ਲਈ ਗਈ ਛੁਟੀ 1/3, 2 ਘੰਟੇ ਤੋਂ 3-1/2 ਤੱਕ ਅਧੀ ਅਤੇ ਇਸ ਤੋਂ ਜਿਆਦਾ ਸਮੇਂ ਦੀ ਸ਼ਾਰਟ ਲੀਵ ਪੂਰੀ ਛੁਟੀ ਗਿਣੀ ਜਾਵੇਗੀ । |
| 8.3 | ਪੰਜਾਬ ਸਰਕਾਰ ਵਲੋਂ ਕਈ ਵਾਰ ਨਗਰ ਕੀਰਤਨ/ਸ਼ੋਭਾ ਯਾਤਰਾਂ ਆਦਿ ਵਿਚ ਹਿੱਸਾ ਲੈਣ ਲਈ ਦੁਪਿਹਰ ਤੋਂ ਬਾਅਦ ਅੱਧੇ ਦਿਨ ਦੀ ਛੁਟੀ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਕਰਮਚਾਰੀ ਪਹਿਲੇ ਅੱਧੇ ਦਿਨ ਦੀ ਅਚਨਚੇਤ ਛੁਟੀ ਲੈਂਦਾ ਹੈ ਤਾਂ ਕੀ ਉਸ ਦੀ ਅੱਧੀ ਅਚਨਚੇਤ ਛੁਟੀ ਹੀ ਗਿਣੀ ਜਾਵੇਗੀ । | ਇਸ ਤਰਾਂ ਦੇ ਕੇਸ ਵਿਚ ਕਰਮਚਾਰੀ ਦੀ ਪੂਰੇ ਦਿਨ ਦੀ ਅਚਨਚੇਤ ਛੁਟੀ ਸਮਝੀ ਜਾਵੇਗੀ । |
| 8.4 | ਇਕ ਕਰਮਚਾਰੀ ਕੈਲੰਡਰ ਸਾਲ ਦੇ ਅਗਸਤ ਮਹੀਨੇ ਵਿਚ ਨੌਕਰੀ ਵਿਚ ਹਾਜ਼ਰ ਹੁੰਦਾ ਹੈ ਤਾਂ ਕੀ ਉਸ ਨੂੰ ਸਾਰੇ ਕੈਲੰਡਰ ਸਾਲ ਵਿਚ ਮਿਲਣ ਵਾਲੀਆਂ ਸਾਰੀਆਂ ਅਚਨਚੇਤ ਛੁਟੀਆਂ ਦਿੱਤੀਆਂ ਜਾ ਸਕਣਗੀਆਂ ਜਾਂ ਫਿਰ ਅਨੁਪਾਤਕ ਢੰਗ ਨਾਲ । | ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਪੱਤਰ ਲੰਬਰ 6/26/99-6 ਪੀ.ਪੀ.3/5353 ਮਿਤੀ 11.5.99 ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਕਰਮਚਾਰੀ ਸਾਲ ਦੇ ਕਿਸੇ ਮਹੀਨੇ ਵੀ ਨੌਕਰੀ ਵਿਚ ਹਾਜ਼ਰ ਹੁੰਦਾ ਹੈ ਉਸ ਨੂੰ ਉਸ ਸਾਲ ਦੀਆਂ ਸਾਰੀਆਂ ਅਚਨਚੇਤ ਛੁਟੀਆਂ ਮਿਲਣ ਯੋਗ ਹਨ। |
| 8.5 | ਤਿੰਨ ਦਿਨ ਤੋਂ ਘੱਟ ਮੈਡੀਕਲ ਅਧਾਰ ਤੇ ਛੁਟੀ ਲੈਣ ਤੇ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਮਿਲ ਸਕਦੀ ਹੈ । | ਜੀ ਹਾਂ ਰੂਲ 8.16(2) ਸੀ.ਐਸ.ਆਰ. ਵਾਲੀਅਮ-1 ਪਾਰਟ-1 ਅਨੁਸਾਰ ਤਿੰਨ ਦਿਨ ਤੋਂ ਘੱਟ ਬਿਮਾਰੀ ਕਾਰਨ ਲਈ ਗਈ ਛੁਟੀ ਤੇ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ।ਜੇਕਰ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ ਤਾਂ ਉਹ ਛੁਟੀ ਮੈਡੀਕਲ ਅਧਾਰ ਦੀ ਛੁੱਟੀ ਨਹੀਂ ਮੰਨੀ ਜਾਵੇਗੀ । ਭਾਵ ਇਸ ਤਰਾਂ ਦੀ ਛੁਟੀ ਕਮਿਊਟ ਨਹੀ਼ਂ ਹੋ ਸਕੇਗੀ। |
| 8.6 | ਵੋਕੇਸ਼ਨ ਕਰਮਚਜਰੀਆਂ ਨੂੰ ਹਰੇਕ ਸਾਲ 8 ਕਮਾਈ ਛੁਟੀਆਂ ਮਿਲਦੀਆਂ ਹਨ। ਇਹ ਸਾਲ ਗਿਣਨ ਲਈ ਕੈਲੰਡਰ ਸਾਲ ਲਿਆ ਜਾਣਾ ਹੈ ਜਾਂ ਫਿਰ ਕਰਮਚਾਰੀ ਦੀ ਨੌਕਰੀ ਦਾ ਇੱਕ ਸਾਲ ਪੂਰਾ ਹੋਣ ਤੇ 8 ਕਮਾਈ ਛੁਟੀਆਂ ਡਿਊ ਹੋਣਗੀਆਂ ? | ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰਬਰ 10/36/89- 4 ਐਫ.ਪੀ.1/2033 ਮਿਤੀ 08.03.1990 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਨੌਕਰੀ ਦਾ ਸਾਲ ਪੂਰਾ ਹੋਣ ਉਪਰੰਤ 8 ਕਮਾਈ ਛੁਟੀਆਂ ਮਿਲਣਗੀਆਂ । |
| 8.7 | ਇਸਤਰੀ ਮੁਲਾਜਮਾਂ ਨੂੰ ਪ੍ਰਸੂਤਾ ਛੁਟੀ ਦੇਣ ਸਬੰਧੀ ਨਿਯਮ ਕੀ ਹਨ । ਜੇਕਰ ਕਿਸੇ ਕਰਮਚਾਰਨ ਵਲੋਂ ਤਿੰਨ ਬਚਿਆਂ ਤੱਕ ਪ੍ਰਸੂਤਾ ਛੁਟੀ ਲੈ ਲਈ ਗਈ ਅਤੇ ਉਸ ਦੇ ਇੱਕ ਬਚੇ ਦੀ ਮੌਤ ਹੋ ਗਈ ਹੋਵੇ ਤਾਂ ਕੀ ਉਹ ਫਿਰ ਪ੍ਰਸੂਤਾ ਛੁਟੀ ਲੈ ਸਕਦੀ ਹੈ । | ਪ੍ਰਸੂਤਾ ਛੁਟੀ ਦੇਣ ਲਈ ਇੱਕ ਹੀ ਗੱਲ ਦਾ ਧਿਆਨ ਰਖਿਆ ਜਾਵੇਗਾ ਕਿ ਛੁਟੀ ਜਾਣ ਸਮੇਂ ਕਰਮਚਾਰਨ ਦੇ ਤਿੰਨ ਜਾਂ ਤਿੰਨ ਤੋਂ ਵੱਧ ਜਿਉਂਦੇ ਬਚੇ ਨਾਂ ਹੋਣ ।ਰੂਲ 8.127 (ਏ) ਸੀ.ਐਸ.ਆਰ.ਵਾਲੀਅਮ-1 ਪਾਰਟ-1 |
| 8.8 | ਇਸਤਰੀ ਕਰਮਚਾਰਨ ਵਲੋਂ ਪ੍ਰਸੂਤਾ ਛੁਟੀ ਲਈ ਗਈ। ਡਲੀਵਰੀ ਤੋਂ ਬਾਅਦ | ਰੂਲ 8.127 (ਏ) ਸੀ.ਐਸ.ਆਰ.ਵਾਲੀਅਮ-1 ਪਾਰਟ-1 ਅਨੁਸਾਰ ਪ੍ਰਸੂਤਾ ਛੁਟੀ ਬੱਚਾ ਪੈਦਾ ਕਰਨ ਲਈ ਦਿੱਤੀ |

| | | |
|---|---|---|
| | ਬੱਚੇ ਦੀ ਮੌਤ ਹੋ ਗਈ ਕੀ ਉਸ ਕੇਸ ਵਿਚ ਪ੍ਰਸੂਤਾ ਛੁਟੀ ਪੂਰੀ ਮਿਲੇਗੀ । | ਜਾਂਦੀ ਹੈ ।ਇਸ ਕੇਸ ਵਿਚ ਪ੍ਰਸੂਤਾ ਛੁਟੀ ਨਾਂ ਮਿਲਣ ਸਬੰਧੀ ਕੋਈ ਹਦਾਇਤ ਨਹੀਂ । |
| 8.9 | ਇਸਤਰੀ ਕਰਮਚਾਰਨ ਜੇਕਰ ਕੋਈ ਬੱਚਾ ਅਡਾਪਟ ਕਰਦੀ ਹਾਂ ਤਾਂ ਉਸ ਨੂੰ ਮਿਲਣ ਵਾਲੀ ਛੁਟੀ ਸਬੰਧੀ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ 14/2/986ਪੀ.ਪੀ. 3/7892 ਮਿਤੀ 11.6.98 ਇਸਤਰੀ ਕਰਮਚਾਰਨ ਜੇਕਰ ਕਾਨੂੰਨੀ ਤੌਰ ਤੇ ਬੱਚਾ ਗੋਦ ਲੈਂਦੀ ਹੈ ਤਾਂ ਉਸ ਨੂੰ ਕਾਨੂੰਨੀ ਤੌਰ ਤੇ ਬੱਚਾ ਗੋਦ ਲੈਣ ਦੀ ਮਿਤੀ ਤੋਂ ਤਿੰਨ ਮਹੀਨੇ ਤੱਕ ਜਾਂ ਜਿੰਨੀ ਦੇਰ ਤੱਕ ਬੱਚੇ ਦੀ ਉਮਰ ਤਿੰਨ ਮਹੀਨੇ ਤੱਕ ਨਹੀਂ ਹੋ ਜਾਂਦੀ ਜਿਹੜਾ ਵੀ ਸਮਾਂ ਘੱਟ ਹੋਵੇ ,ਅਡਾਪਸ਼ਨ ਲੀਵ ਦੀ ਹੱਕਦਾਰ ਹੈ । |
| 8.10 | Paternity leave ਸਬੰਧੀ ਸਪੱਸ਼ਟੀਕਰਣ ਦਿੱਤਾ ਜਾਵੇ ? | ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰਬਰ 1/10/88-2 ਐਫ.ਪੀ.2/3187 ਮਿਤੀ 09.04.2002 ਅਨੁਸਾਰ Male Employees ਨੂੰ ਆਪਣੇ ਨਵੇਂ ਜੰਮੇ ਬੱਚੇ ਦੀ ਦੇਖਭਾਲ ਲਈ( ਦੋ ਜਿੰਦਾ ਬਚਿਆਂ ਤੋਂ ਘੱਟ ) 15 ਦਿਨਾਂ ਦੀ ਛੁੱਟੀ ( 30 ਦਿਨ ਦੀ ਅੱਧੀ ਤਨਖਾਹ ਛੁਟੀ ਨੂੰ ਕਮਿਉਟ ਕਰਨ ਉਪਰੰਤ) ਦਿੱਤੀ ਜਾ ਸਕੇਗੀ ਅਤੇ ਛੁਟੀ ਬੱਚੇ ਦੇ ਜਨਮ ਤੋਂ ਤੁਰੰਤ ਮਿਤੀ ਤੋਂ ਹੀ ਮਿਲ ਸਕੇਗੀ । |
| 8.11 | Child Care leave ਸਬੰਧੀ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ 6/26/2011-6ਪੀ.ਪੀ.3/ 2046 ਮਿਤੀ 22.12.2011 ਰਾਹੀਂ ਇੱਕ ਸਾਲ ਦੀ ਚਾਈਡ ਕੇਅਰ ਲੀਵ ਹੇਠ ਲਿਖੀਆਂ ਸਰਤਾਂ ਤਹਿਤ ਮਿਲੇਗੀ ।<br>1. ਇਸਤਰੀ ਮੁਲਾਜਮ ਆਪਣੇ ਨਾਬਾਲਗ ਬੱਚੇ 18 ਸਾਲ ਤੋਂ ਘੱਟ ਦੀ ਉਮਰ ਤੱਕ ਦੇਖ ਭਾਲ ਕਰਨ ਲਈ ਛੁਟੀ ਲੈ ਸਕਣਗੇ ।<br>2.ਇਹ ਛੁਟੀ ਦੋ ਬਚਿਆਂ ਤੱਕ ਬਚੇ ਦੀ ਪੜਾਈ ਲਈ ਜਾਂ ਬਿਮਾਰੀ ਦੀ ਹਾਲਤ ਵਿਚ ਲਈ ਜਾ ਸਕਦੀ ਹੈ। ਜਿਸ ਲਈ ਦਸਤਾਵੇਜੀ ਸਬੂਤ ਦੇਣਾ ਹੋਵੇਗਾ।<br>3. ਇਸ ਛੁਟੀ ਦੌਰਾਨ ਲੀਵ ਸੈਲਰੀ ਕਮਾਈ ਛੁਟੀ ਦੀ ਤਰਾਂ ਮਿਲਣ ਯੋਗ ਹੋਵੇਗੀ।<br>4. ਇਹ ਛੁਟੀ ਇੱਕ ਤੋਂ ਵਧ spells ਵਿਚ ਮਾਣੀ ਜਾ ਸਕੇਗੀ ਇਕ ਸਾਲ ਵਿਚ 3 spells ਤੋਂ ਵਧ ਨਹੀਂ ਲਈ ਜਾ ਸਕੇਗੀ। ਇੱਕ ਵਾਰ ਇਹ ਛੁਟੀ ਘੱਟੋ ਘੱਟ 15 ਦਿਨ ਦੀ ਲੀਤੀ ਜਾ ਸਕੇਗੀ ।<br>5. ਜੇਕਰ ਕੋਈ ਕਰਮਚਾਰਨ ਜਾਣਬੁਝ ਕੇ ਗੈਰ ਹਾਜ਼ਰ ਰਹਿੰਦੀ ਹੈ ਤੇ ਬਾਅਦ ਵਿਚ ਇਹ ਛੁਟੀ ਦੀ ਮੰਗ ਕਰਦੀ ਹੈ ਤਾਂ ਇਹ ਛੁਟੀ ਕਿਸੇ ਵੀ ਹਾਲਤ ਵਿਚ ਨਹੀਂ ਦਿੱਤੀ ਜਾਵੇਗੀ। ਇਹ ਛੁਟੀ ਰੂਲ 8.15 ਅਧੀਨ ਹੱਕ ਦੇ ਤੌਰ ਤੇ ਨਹੀਂ ਲਈ ਜਾ ਸਕੇਗੀ ।<br>6. ਇਹ ਛੁਟੀ, ਛੁਟੀਆਂ ਦੇ ਖਾਤੇ ਨੂੰ ਡੈਬਿਟ ਨਹੀ ਕੀਤੀ ਜਾਵੇਗੀ। ਇਸ ਦਾ ਸੇਵਾ ਪੱਤਰੀ ਵਿਚ ਵਖਰਾ ਖਾਤਾ ਮੈਨਟੇਨ ਕੀਤਾ ਜਾਵੇਗਾ ।<br>7. ਇਹ ਛੁਟੀ ਲੈਣ ਲਈ ਕਮਾਈ ਛੁਟੀ ਦੀ ਤਰਾਂ ਸਮਰਥ ਅਧਿਕਾਰੀ ਤੋਂ ਮੰਜੂਰ ਕਰਵਾ ਕੇ ਲਈ ਜਾ ਸਕੇਗੀ। ਸਮਰਥ ਅਧਿਕਾਰੀ ਇਹ ਛੁਟੀ ਲੋਕ ਹਿੱਤ ਵਿਚ ਦੇਣ ਤੋਂ ਇਨਕਾਰ ਕਰ ਸਕਦਾ ਹੈ ਜਾਂ ਪਹਿਲਾਂ ਮੰਜੂਰ ਕੀਤੀ ਛੁਟੀ ਕੈਸਲ ਕਰਕੇ ਡਿਊਟੀ ਤੇ ਵਾਪਸ ਬੁਲਾ ਸਕਦਾ ਹੈ।<br>8. ਜਿਨਾਂ ਕਰਮਚਾਰਨਾਂ ਵਿਰੁੱਧ ਵਿਭਾਗੀ ਕਾਰਵਾਈ ਚਲ ਰਹੀ ਹੈ, ਮੁਅਤਲੀ ਅਧੀਨ, ਦਿਹਾੜੀਦਾਰ ਜਾਂ ਕੰਟਰੈਕਟਰ ਅਧਾਰ ਤੇ ਕੰਮ ਕਰਦੀਆਂ ਕਰਮਾਰਨਾਂ ਨੂੰ ਇਹ ਛੁੱਟੀ ਨਹੀਂ ਮਿਲ ਕੇਗੀ।ਪ੍ਰੋਬੇਸ਼ਨਰ ਨੂੰ ਵੀ ਇਹ ਛੁਟੀ ਆਮ ਹਾਲਤ ਵਿਚ ਨਹੀਂ ਮਿਲ ਸਕੇਗੀ।ਛੋਟੇ ਬੱਚੇ ਦੀ ਬਿਮਾਰੀ ਦੀ ਹਾਲਤ ਵਿਚ ਜੇਕਰ ਮੈਡੀਕਲ ਸਰਟੀਫੀਕੇਟ ਸਿਵਲ ਸਰਜਨ ਵਲੋਂ ਜਾਰੀ ਹੋਇਆ ਹੋਵੇ ਤਾਂ ਪ੍ਰੋਬੇਸ਼ਨਰ ਨੂੰ ਵੀ ਇਹ ਛੁਟੀ ਦਿੱਤੀ ਜਾ ਸਕਦੀ ਹੈ।<br>ਸਿਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਇਹ ਛੁਟੀ ਦੇਣ ਦਾ ਅਧਿਕਾਰ ਡੀ.ਪੀ.ਆਈ. 15 ਦਿਨ, ਸਕੱਤਰ 30 ਦਿਨ, ਮੰਤਰੀ 3 ਮਹੀਨੇ ਅਤੇ ਮੁੱਖ ਮੰਤਰੀ ਕੋਲ 3 ਮਹੀਨੇ ਤੋਂ ਵਧ ਛੁਟੀ ਦੇਣ ਦਾ ਅਧਿਕਾਰ ਹੈ । |

<table>
<tr><td>8.12</td><td>ਅਬਾਰਸ਼ਨ ਲੀਵ ਕਿਨੀ ਮਿਲਦੀ ਹੈ ਅਤੇ ਕਿੰਨੇ ਬਚਿਆਂ ਤੱਕ ਮਿਲਦੀ ਹੈ ।</td><td>ਅਬਾਰਸ਼ਨ ਲੀਵ ਸਾਰੀ ਸੇਵਾ ਵਿਚ 45 ਦਿਨ ਤੱਕ ਮਿਲਦੀ ਹੈ ਅਤੇ ਸਿਰਫ ਉਨਾ ਇਸਤਰੀ ਕਰਮਚਾਰਨਾ ਨੂੰ ਮਿਲਦੀ ਹੈ ਜਿਸ ਦੇ 2 ਤੋ ਘੱਟ ਬਚੇ ਹੋਣ ( ਭਾਵ 1 ਬਚਾ ਜਾਂ ਬਿਲਕੁਲ ਕੋਈ ਬਚਾ ਨਾ ਹੋਵੇ ) ਰੂਲ 8.127</td></tr>
<tr><td>8.12</td><td>ਕਮਿਊਟਡ ਲੀਵ ਕੀ ਹੈ ਅਤੇ ਇਹ ਕਿੰਨਾ ਹਾਲਤਾਂ ਵਿਚ ਮਿਲ ਸਕਦੀ ਹੈ ਅਤੇ ਕਿਨੀ ਮਿਲ ਸਕਦੀ ਹੈ।</td><td>ਕਮਿਊਟਡ ਲੀਵ ਜਿਸ ਨੂੰ ਬਹੁਤ ਸਾਰੇ ਵਿਭਾਗਾਂ ਦੇ ਕਰਮਚਾਰੀ ਖਾਸ ਕਰਕੇ ਸਿਖਿਆ ਵਿਭਾਗ ਦੇ ਕਰਮਚਾਰੀ ਮੈਡੀਕਲ ਲੀਵ ਕਹਿੰਦੇ ਹਨ ਰੂਲ 8.119 (ਸੀ ) ਸੀ.ਐਸ.ਆਰ ਵਾਲੀਅਮ-1 ਤਹਿਤ ਬਿਮਾਰੀ ਦਾ ਸਰਟੀਫੀਕੇਟ ਪੇਸ਼ ਕਰਨ ਤੇ ਮਿਲ ਸਕਦੀ ਹੈ। ਇਹ ਛੁਟੀ ਇੱਕ ਸਮੇਂ ਘੱਟੋ ਘੱਟ 15 ਦਿਨ ਦੀ ਅਤੇ ਸਾਰੀ ਸੇਵਾ ਵਿਚ 240 ਦਿਨ ਦੀ ਮਿਲ ਸਕਦੀ ਹੈ। ਵੋਕੇਸ਼ਨਲ ਕਰਮਚਾਰੀਆਂ ਤੇ 15 ਦਿਨ ਦੀ ਸਰਤ ਲਾਗੂ ਨਹੀਂ ਉਹ ਘੱਟ ਸਮੇਂ ਦੀ ਛੁਟੀ ਵੀ ਕਮਿਊਟ ਕਰਵਾ ਸਕਦੇ ਹਨ।</td></tr>
<tr><td></td><td></td><td></td></tr>
<tr><td></td><td>ਸਮੂਹ ਬੀਮਾ ਸਕੀਮ</td><td></td></tr>
<tr><td>9.1</td><td>ਸਮੂਹ ਬੀਮਾਂ ਸਕੀਮ ਅਧੀਨ ਕੀਤੀ ਜਾਂਦੀ ਕਟੌਤੀ ਦੀ ਰਕਮ ਬਾਰੇ ਨਵੀਂ ਦਰਜਾ ਬੰਦੀ ਸਬੰਧੀ ਸਪੱਸ਼ਟੀਕਰਨ ਦਿੱਤਾ ਜਾਵੇ ?</td><td>ਨਵੀਂ ਦਰਜਾ ਬੰਦੀ ਅਨੁਸਾਰ ਗਰੁੱਪ ਏ ਕਰਮਚਾਰੀਆਂ ਦੇ 120, ਗਰੁੱਪ ਬੀ ਦੇ 60, ਗਰੁੱਪ ਸੀ ਦੇ 30 ਅਤੇ ਗਰੁੱਪ ਡੀ ਦੇ 15 ਰੁਪਏ ਕਟੌਤੀ ਕੀਤੀ ਜਾਣੀ ਹੈ। ਇਹ ਕਟੌਤੀ ਜਿਹੜੇ ਸਾਲ ਵਿਚ ਕਰਮਚਾਰੀ ਦਾ ਗਰੁੱਪ ਬਦਲਿਆ ਹੈ ਉਸ ਸਾਲ ਤੋਂ ਬਾਅਦ ਅਗਲੀ ਪਹਿਲੀ ਜਨਵਰੀ ਤੋਂ ਕਟਿਆ ਜਾਵੇਗਾ । ਜਿੰਨਾਂ ਕਰਮਚਾਰੀਆਂ ਨੇ ਪੁਰਾਨਾ ਰੇਟ ਰਖਿਆ ਹੋਇਆ ਹੈ ਉਨ੍ਹਾਂ ਦਾ ਕ੍ਰਮਵਾਰ 80,40,20 ਅਤੇ 10 ਰੁਪਏ ਦੀ ਕਟੌਤੀ ਕੀਤੀ ਜਾਣੀ ਹੈ।</td></tr>
<tr><td>9.2</td><td>ਸਮੂਹ ਬੀਮਾ ਸਕੀਮ ਲਈ ਨਵੀਂ ਦਰਜਾ ਬੰਦੀ ਦਸੀ ਜਾਵੇ।</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰਬਰ 4/46/09-1 ਪੀ.ਪੀ.1/ 10828 ਮਿਤੀ 13.10.2009 ਰਾਹੀਂ ਪੰਜਾਬ ;ਸਰਕਾਰ ਦੇ ਕਰਮਚਾਰੀਆਂ ਦੀ ਹੇਠ ਲਿਖੇ ਅਨੁਸਾਰ ਦਰਜਾ ਬੰਦੀ ਕੀਤੀ ਗਈ ਹੈ ।
<table>
<tr><td>ਗਰੁੱਪ ਏ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 5000/- ਜਾਂ ਇਸ ਤੋਂ ਵੱਧ ਹੈ ।</td></tr>
<tr><td>ਗਰੁੱਪ ਬੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 3800 ਤੋਂ 4999 ਹੈ</td></tr>
<tr><td>ਗਰੁੱਪ ਸੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇ 1900 ਤੋਂ 3799 ਹੈ ।</td></tr>
<tr><td>ਗਰੁੱਪ ਡੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 1900 ਤੋਂ ਘੱਟ ਹੈ</td></tr>
</table></td></tr>
<tr><td>9.3</td><td>ਰਵਾਈਜਡ ਸਕੇਲ ਰੂਲਜ 2009 ਅਧੀਨ ਬਹੁਤ ਸਾਰੀਆਂ ਕੈਟਾਗਰੀਆਂ ਦਾ ਗਰੁੱਪ ਬਦਲ ਗਿਆ ਹੈ । ਇਨਾਂ ਦੀ ਸਮੂਹ ਬੀਮਾ ਸਕੀਮ ਦੀ ਕਟੌਤੀ ਕਿਸ ਮਿਤੀ ਤੋਂ ਬਦਲੀ ਜਾਣੀ ਹੈ ।</td><td>ਪ੍ਰਚਲਤ ਨੀਤੀ ਦੇ ਅਧਾਰ ਤੇ ਅਜਿਹੇ ਕੇਸਾਂ ਵਿਚ ਸਮੂਹਿਕ ਬੀਮਾ ਸਕੀਮ ਦੇ ਤਹਿਤ ਸਬੰਧਤ ਕਰਮਚਾਰੀਆਂ ਦਾ ਗਰੁੱਪ ਵਿੱਤ ਵਿਭਾਗ ਦੀ ਨੋਟੀਫੀਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਬਾਅਦ ਆਉਣ ਵਾਲੀ ਪਹਿਲੀ ਜਨਵਰੀ ਅਰਥਾਤ 1 ਜਨਵਰੀ 2010 ਤੋਂ ਬਦਲਿਆ ਜਾਵੇ ।<br>20/1/2010-5 ਵਿ.ਪ.2/63 ਮਿਤੀ 18.02.2010</td></tr>
<tr><td>9.4</td><td>ਸਮੂਹ ਬੀਮਾ ਸਕੀਮ ਦੇ ਮੈਂਬਰ ਸਿਪ ਸਬੰਧੀ ਸਪੱਸ਼ਟ ਕੀਤਾ ਜਾਵੇ।</td><td>ਮਿਤੀ 15.8.1982 ਤੋਂ ਪਹਿਲਾਂ ਰੈਗੂਲਰ ਤੌਰ ਤੇ ਭੱਰਤੀ ਕਰਮਚਾਰੀ ਕੋਲ ਇਹ ਆਪਸ਼ਨ ਸੀ ਕਿ ਉਹ ਮਿਤੀ 30.9.1982 ਤੱਕ ਇਸ ਸਕੀਮ ਤੋਂ ਬਾਹਰ ਰਹਿਣ ਦੀ ਆਪਸ਼ਨ ਦੇ ਦਿੰਦੇ ਅਤੇ ਇਸ ਸਬੰਧੀ ਬਾਅਦ ਵਿਚ ਸਮੇ ਸਮੇਂ ਤੇ 1987 ਤੱਕ ਮੈਂਬਰ ਬਣਨ ਦੀ ਆਪਸ਼ਨ ਦਿੱਤੀ ਗਈ ਸੀ। ਜਿਨ੍ਹਾਂ ਕਰਮਚਾਰੀਆਂ ਨੂੰ ਮਿਤੀ 15.8.1982 ਤੋਂ ਬਾਅਦ ਦੀ ਮਿਤੀ ਤੋਂ ਰੈਗੂਲਰ ਕੀਤਾ ਗਿਆ ਹੈ ਉਹ ਇਸ ਸਕੀਮ ਦੇ ਜ਼ਰੂਰੀ ਮੈਂਬਰ ਹਨ। ਜੇਕਰ ਕਿਸੇ ਕਰਮਚਾਰੀ ਨੇ ਪਹਿਲਾਂ ਮੈਂਬਰ ਨਾਂ ਬਨਣ ਦੀ ਆਪਸ਼ਨ ਦੇ ਦਿੱਤੀ ਸੀ ਅਤੇ 1987 ਤੱਕ ਵੀ ਉਹ ਮੈਂਬਰ ਨਹੀਂ ਬਣੇ ਬਾਅਦ ਵਿਚ ਉਹ ਮੈਂਬਰ ਨਹੀਂ ਬਣ ਸਕਦੇ । ਜਿਹੜਾ ਕਰਮਚਾਰੀ ਮਿਤੀ 1 ਜਨਵਰੀ ਦੀ ਥਾਂ ਕਿਸੇ ਹੋਰ ਮਿਤੀ ਨੂੰ ਭਰਤੀ ਹੁੰਦਾ ਹੈ</td></tr>
</table>

| | | |
|---|---|---|
| | | ਉਹ ਆਉਣ ਵਾਲੀ 1 ਜਨਵਰੀ ਤੱਕ ਸਿਰਫ ਬੀਮੇ ਦੇ ਰਕਮ ਕਟਵਾਏਗਾ ਜਿਹੜੀ ਕਿ ਗਰੁਪ ਏ= 40, ਗਰੁਪ ਬੀ =20, ਗਰੁਪ ਸੀ = 10 ਅਤੇ ਗਰੁੱਪ ਡੀ ਲਈ 5 ਰੁਪਏ ਹੈ। ਆਉਣ ਵਾਲੀ ਇੱਕ ਜਨਵਰੀ ਤੋ ਪੂਰੀ ਕਟੌਤੀ ਹਵੇਗੀ । |
| | | |